# ਨਵਾਂ ਜਨਮ

**ਸਰਵਮੀਤ** ਦੀ ਕਹਾਣੀ *ਕਲਾਣ* 'ਤੇ ਆਧਾਰਿਤ

***ਪਾਤਰ***

ਸ਼ਿੱਬੂ—ਪਿੰਡ ਦਾ ਲਾਗੀ
ਮੇਜੋ—ਸ਼ਿੱਬੂ ਦੀ ਪਤਨੀ
ਬਲਦੇਵ ਸਿੰਘ ਬਿੱਲੂ—ਉਨ੍ਹਾਂ ਦਾ ਪੜ੍ਹਿਆ ਲਿਖਿਆ ਮੁੰਡਾ
ਪੰਡਤ—ਪਿੰਡ ਦਾ ਇਕ ਪਾਤਰ
ਪ੍ਰੀਤਮ ਸਿੰਘ—ਪਿੰਡ ਦਾ ਸਰਪੰਚ

# ਨਵਾਂ ਜਨਮ

## ਪਹਿਲਾ ਸੀਨ

[ਸ਼ਿੱਬੂ ਦਾ ਘਰ। ਸ਼ਿੱਬੂ ਤੇ ਪੰਡਤ ਗੱਲਾਂ ਕਰ ਰਹੇ ਹਨ।]

ਸ਼ਿੱਬੂ : ਪੰਡਤਾ...ਇਹ ਦੱਸ ਕਿ ਬੰਦਾ ਜਦੋਂ ਬਰਾਦਰੀ ਤੋਂ ਬਾਹਰ ਹੋ ਜਾਏ... ਭਲਾ ਉਹ ਜੀਅ ਸਕਦਾ ਏ ?

ਪੰਡਤ : ਜੀ ਤਾਂ ਨਹੀਂ ਸਕਦਾ, ਪਰ ਇਹ ਵੀ ਤਾਂ ਉਹ ਕਰ ਸਕਦੈ ਕਿ ਆਪਣੀ ਇਕ ਹੋਰ ਬਰਾਦਰੀ ਬਣਾ ਲਵੇ।

ਸ਼ਿੱਬੂ : ਬਰਾਦਰੀ ਤਾਂ ਉਹੀ ਹੁੰਦੀ ਏ, ਜਿਸ ਵਿਚ ਬੰਦਾ ਜੰਮਦੈ।

ਪੰਡਤ : ਨਹੀਂ, ਇਕੋ ਜਹੀ ਸੋਚ ਵਾਲੇ ਬੰਦੇ ਵੀ ਆਪਣੀ ਬਰਾਦਰੀ ਬਣਾ ਸਕਦੇ ਨੇ...ਬਸ ਬੰਦੇ ਨੂੰ ਥੋੜ੍ਹਾ ਤਕੜਾ ਹੋਣਾ ਚਾਹੀਦੈ।

ਸ਼ਿੱਬੂ : ਇਹ ਤਾਂ ਗੱਲ ਤੂੰ ਠੀਕ ਕਹੀ ਏ...ਤੂੰ ਤਕੜਾ ਹੋਇਆ ਤਾਂ ਤੇਰੀ ਕਿਹੜਾ ਕਿਸੇ ਟੰਗ ਭੰਨ ਲਈ...ਬੱਲੇ ਬਈ ਪੰਡਤਾ, ਤੂੰ ਇਸ਼ਕ ਕਮਾਇਆ ਤਾਂ ਠੋਕ ਕੇ ਕਮਾਇਆ...ਅਖੇ ਪੰਡਤ ਨੇ ਝਿਊਰੀ ਨੂੰ ਫਸਾ ਲਿਆ।

ਪੰਡਤ : ਨਹੀਂ ਸ਼ਿੱਬੂ...ਇਹ ਗੱਲ ਅਸਲ ਨਹੀਂ।

ਸ਼ਿੱਬੂ : ਫੇਰ ਅਸਲ ਕੀ ਏ ?

ਪੰਡਤ : ਅਸਲ ਏ ਵੇ ਕਿ ਝਿਊਰੀ ਨੇ ਪੰਡਤ ਫਸਾ ਲਿਆ...ਪਰ ਹੁਣ ਅਸਲ ਗੱਲ ਵੱਲ ਆ...ਆਪਣਾ ਪ੍ਰੀਤਮ ਸਿੰਘ ਸਰਪੰਚ ਕੱਲ੍ਹ ਸੱਥ ਵਿਚ ਗੱਲ ਕਰਦਾ ਸੀ ਕਿ ਸ਼ਿੱਬੂ ਦੀ ਆਕੜ ਹੀ ਬੜੀ ਹੋ ਗਈ ਏ...ਕਈ ਕਈ ਸੁਨੇਹੇ ਭੇਜੋ ਤਾਂ ਜਾ ਕੇ ਕਿਤੇ ਬਹੁੜਦਾ ਏ।

ਸ਼ਿੱਬੂ : ਲੈ ਮੇਰੀ ਕਾਹਦੀ ਆਕੜ ਹੋਣੀ ਏ...ਇਹ ਸਾਰੀ ਤੇਰੇ ਭਤੀਜੇ ਦੀ ਜ਼ਿਦ ਏ...ਕਹਿੰਦਾ ਏ ਕਿ ਭਾਪੇ ਨੂੰ ਲਾਗਪੁਣਾ ਨਹੀਂ ਕਰਨ ਦੇਣਾ।

ਪੰਡਤ : ਤੇ ਸਹੀ ਆਖਦਾ ਏ ਬਿੱਲੂ...ਹੁਣ ਤਾਂ ਸੁਖ ਨਾਲ ਉਹ ਬਲਦੇਵ ਸਿੰਘ ਮਾਹਲਾ ਹੋ ਗਿਆ ਏ...ਮੰਡੀ ਬੋਰਡ ਵਿਚ ਇੰਸਪੈਕਟਰ।

ਸ਼ਿੱਬੂ : ਪਈ ਜੇ ਮੈਂ ਪਿੰਡ ਦਾ ਕੰਮ ਕਰਨੋਂ ਹਟ ਜੂ ਤਾਂ ਮੇਰੀ ਜਾਤ ਤਾਂ ਨਹੀਂ ਬਦਲ ਚੱਲੀ...ਰਹਿਣਾ ਤਾਂ ਸਾਂਸੀ ਹੀ ਆ ਜਿਹੜਾ ਰੱਬ ਨੇ ਬਣਾ ਤਾ...ਬਾਕੀ ਤੂੰ ਗੱਲ ਕੀਤੀ ਮੰਡੀ ਬੋਰਡ ਦੀ ਇੰਸਪੈਕਟਰੀ ਦੀ...ਉਹ ਚੜ੍ਹ ਗਈ ਏ ਉਹਦੇ ਦਿਮਾਗ਼ 'ਤੇ...ਅਖੇ ਭਾਪਾ ਜੇ ਤੂੰ ਲਾਗੀਆਂ

ਵਾਲਾ ਕੰਮ ਜਾਰੀ ਰੱਖਿਆ ਤਾਂ ਮੇਰੀ ਬਿਜ਼ਤੀ ਹੁੰਦੀ ਏ...ਹੁਣ ਪੰਡਤਾ ਉਹਨੂੰ ਕੋਈ ਪੁੱਛੇ ਕਿ ਉਹਨੂੰ ਇਹ ਇੰਸਪੈਕਟਰੀ ਮਿਲੀ ਕਿਥੋਂ...ਬੜੇ ਵੱਡੇ-ਵੱਡੇ ਸਰਦਾਰਾਂ ਦੇ ਮੁੰਡੇ ਉਥੇ ਉਮੀਦਵਾਰ ਸਨ...ਰੰਧਾਵੇ, ਗਿੱਲ, ਸ਼ੇਰਗਿੱਲ, ਕਾਹਲੋਂ, ਦੁਸਾਂਝ, ਸੰਧੂ...ਇੰਸਪੈਕਟਰੀ ਉਹਨੂੰ ਤਾਂ ਮਿਲੀ ਜੋ ਵੀਹਾਂ ਵਿਚੋਂ ਚਾਰ ਥਾਵਾਂ ਸਨ ਰਾਖਵੀਆਂ-ਨੀਵੀਆਂ ਜਾਤਾਂ ਲਈ—ਕੀ ਕਹਿੰਦੇ ਨੇ ?

ਪੰਡਤ : ਅਨੁਸੂਚਿਤ ਜਾਤਾਂ ਲਈ।

ਸ਼ਿੱਬੂ : ਲਓ ਆਪਣੇ ਬਿੱਲੂ ਦੀ ਵਾਰੀ ਤਾਂ ਆ ਗਈ ਕਿ ਉਹ ਮੇਰਾ ਬਿੱਲੂ ਏ—ਸਾਂਸੀਆਂ ਦਾ ਬਿੱਲੂ ਏ...ਸ਼ਿੱਬੂ ਦਾ ਬਿੱਲੂ ਏ...ਸ਼ਿੱਬੂ, ਜੀਹਦਾ ਪਿਉ ਸੀ ਲੱਭੂ...ਲੱਭੂ ਦੇ ਪਿਉ ਦਾ ਨਾਂ ਰੂੜਾ...ਉਹਦੇ ਪਿਉ ਦਾ ਨਾਂ ਭਾਨਾ...ਭਾਨੇ ਹੋਰੀ ਸੱਤ ਭਰਾ ਸਨ...ਇੰਸਪੈਕਟਰ ਤਾਂ ਬਣਿਆ ਕਿ ਉਹ ਸਾਡੇ ਵਡੇਰਿਆਂ ਦੇ ਖਾਨਦਾਨ ਵਿਚੋਂ ਏ ਤੇ ਹੁਣ ਉਹ ਆਪਣੇ ਖਾਨਦਾਨ ਤੋਂ ਹੀ ਮੁਨਕਰ ਏ।

ਪੰਡਤ : ਉਹ ਕਿਵੇਂ ?

ਸ਼ਿੱਬੂ : ਅਖੇ ਮੈਂ ਬਿੱਲੂ ਪੁੱਤਰ ਸ਼ਿੱਬੂ ਨਹੀਂ ਹਾਂ।

ਪੰਡਤ : ਹੋਰ ਕੀ ਏ ?

ਸ਼ਿੱਬੂ : ਅਖੇ ਮੈਂ ਬਲਦੇਵ ਸਿੰਘ ਪੁੱਤਰ ਨਸੀਬ ਸਿੰਘ ਹਾਂ।

ਪੰਡਤ : (ਖਚਰਾ ਬਣ ਕੇ) ਨਾ ਫੇਰ ਉਹ ਤੇਰਾ ਪੁੱਤ ਨਹੀਂ ?

ਸ਼ਿੱਬੂ : ਕਿਉਂ ਮੇਰਾ ਪੁੱਤ ਕਿਉਂ ਨਹੀਂ ?

ਪੰਡਤ : ਫੇਰ ਇਹ ਨਸੀਬ ਸਿੰਘ ਭਲਾ ਕੌਣ ਹੋਇਆ ?

ਸ਼ਿੱਬੂ : ਮੈਂ...ਹੋਰ ਕੌਣ ? ਰਾਸ਼ਨ ਕਾਰਡ ਵਿਚ ਮੇਰਾ ਨਾਂ ਨਸੀਬ ਸਿੰਘ ਪੁੱਤਰ ਲਾਭ ਸਿੰਘ ਏ...ਵੋਟਾਂ ਦੀ ਲਿਸਟ ਵਿਚ ਮੈਂ ਨਸੀਬ ਸਿੰਘ ਪੁੱਤਰ ਲਾਭ ਸਿੰਘ ਹਾਂ...ਭਾਵੇਂ ਪਿੰਡ ਵਾਲਿਆਂ ਲਈ ਸ਼ਿੱਬੂ ਪੁੱਤਰ ਲੱਭੂ ਹਾਂ।

ਪੰਡਤ : ਲੈ ਮੈਨੂੰ ਤਾਂ ਫ਼ਿਕਰ ਪੈ ਗਿਆ ਸੀ ਕਿ ਬਿੱਲੂ ਦੀ ਮਾਂ ਨੇ ਬਿੱਲੂ ਵੇਲੇ ਕਿਧਰੇ ਹੋਰ ਨਾ ਸੁਰ ਰਲਾਈ ਹੋਵੇ।

ਸ਼ਿੱਬੂ : ਉਏ ਕੰਜਰਾ ਭਾਬੀ ਤੇਰੀ...ਤੇਰੀ ਝਿਉਰੀ ਵਰਗੀ ਨਹੀਂ...ਸ਼ਿੱਬੂ ਦੀ ਮੇਜੋ ਏ...ਉਂਝ ਬਿੱਲੂ ਦੀ ਠਾਠ ਵੇਖ ਕੇ ਕਈ ਵਾਰ ਮੈਨੂੰ ਸ਼ੱਕ ਜਿਹਾ ਹੋ ਜਾਂਦਾ ਏ ਕਿ ਬਿੱਲੂ ਆਪਣਾ ਹੀ ਏ ਨਾ ?

ਪੰਡਤ : ਕਹੇਂ ਤਾਂ ਭਾਬੀ ਕੋਲੋਂ ਪੁੱਛ ਲਵਾਂ...ਇਹ ਸ਼ੱਕ ਜਿਹਾ ਨਿਕਲ ਹੀ ਜਾਏ ?

ਸ਼ਿੱਬੂ : ਤੂੰ ਢੱਕਿਆ ਰਹਿ ਵੱਡਾ ਮੋਹਤਬਰ...ਖਚਰਪੁਣੇ ਤੋਂ ਬਾਜ ਨਹੀਂ ਆਉਂਦਾ...ਕੰਜਰ ਕਿਸੇ ਥਾਂ ਦਾ। ਸੋ ਗਲ ਇਹ ਵੇ ਕਿ ਬਿੱਲੂ ਹੁਣ

ਜਦੋਂ ਦਾ ਇੰਸਪੈਕਟਰ ਲੱਗ ਗਿਆ ਏ...ਉਹ ਆਪਣੀ ਬਰਾਦਰੀ ਤੋਂ ਬਾਹਰ ਚਲਿਆ ਗਿਆ ਏ ਤੇ ਮੈਨੂੰ ਵੀ ਇਹੋ ਆਖਦਾ ਏ।

ਪੰਡਤ : ਉਹਨੂੰ ਆਖ ਕਿ ਸਾਡੀ ਬਰਾਦਰੀ ਵਿਚ ਆ ਰਲੇ...ਜਿਥੇ ਬੰਦਾ ਭੁੱਲ ਜਾਂਦਾ ਏ ਕਿ ਉਹ ਬ੍ਰਾਹਮਣ ਏ, ਖਤਰੀ ਏ, ਝਿਊਰ ਏ, ਨਾਈ ਏ, ਸਾਂਸੀ ਏ...ਬਸ ਬੰਦਾ ਹੋ ਜਾਂਦੈ ਤੇ ਪਰਖਿਆ ਜਾਂਦੈ ਕਿ ਉਹਦੇ ਅਮਲ ਕਿਹੋ ਜਿਹੇ ਨੇ।

ਸ਼ਿੱਬੂ : ਪੰਡਤਾ ਅਮਲ ਤਾਂ ਅਸੀਂ ਕੋਈ ਮਾੜਾ ਨਹੀਂ ਕਰਦੇ...ਸਾਰੀ ਉਮਰ ਲੋਕਾਂ ਦੀ ਸੇਵਾ ਹੀ ਕੀਤੀ ਏ...ਕਿਸੇ ਦਾ ਦਿਲ ਨਹੀਂ ਦੁਖਾਇਆ। ਖ਼ਿਆਲ ਸੀ ਜਿਸ ਤਰ੍ਹਾਂ ਪਹਿਲੇ ਸਾਰੀ ਉਮਰ ਲੰਘ ਗਈ ਏ, ਹੁਣ ਬਾਕੀ ਵੀ ਲੰਘ ਜਾਏਗੀ...ਪਰ ਇਹ ਬਿੱਲੂ ਨੇ ਨਵਾਂ ਰੇੜਕਾ ਸ਼ੁਰੂ ਕਰ ਦਿੱਤਾ ਏ...ਅਖੇ ਭਾਪੇ ਨੂੰ ਬੁੱਤੀ ਨਹੀਂ ਕਰਨ ਦੇਣੀ।

*(ਮੇਜੋ ਚਾਹ ਲੈ ਕੇ ਆਉਂਦੀ ਹੈ।)*

ਪੰਡਤ : ਆਪਣੀ ਮੇਜੋ ਕੀ ਕਹਿੰਦੀ ਏ ?

ਸ਼ਿੱਬੂ : ਉਹ ਵੀ ਆਪਣੇ ਪੁੱਤ ਨਾਲ ਏ...ਚੰਦਰੀ ਮੂੰਹ ਨੀ ਵੇਂਹਦੀ ਆਪਣਾ... ਸਾਰੀ ਉਮਰ ਜੱਟਾਂ ਦੇ ਟੁਕੜਾਂ ’ਤੇ ਪਲਦੀ ਮਰਦੀ ਰਹੀ ਏ, ਹੁਣ ਸਰਦਾਰਨੀ ਬਣ-ਬਣ ਬਹਿੰਦੀ ਏ।

ਪੰਡਤ : ਤੇਰੇ ਲੜ ਲੱਗੀ ਤਾਂ ਇਹੋ ਕੁਝ ਮਿਲਣਾ ਸੀ।

ਸ਼ਿੱਬੂ : (ਚਾਹ ਦਾ ਘੁੱਟ ਭਰ ਕੇ) ਪੰਡਤਾ ਜਦੋਂ ਤੂੰ ਉਸ ਝਿਉਰੀ ਨਾਲ ਇਸ਼ਕ ਪੇਚਾ ਲਾਇਆ ਤਾਂ ਤੈਨੂੰ ਇਹ ਨਾ ਦਿਸੀ...ਤੇਰੀ ਝਿਉਰੀ ਨਾਲੋਂ ਇਹ ਮਾੜੀ ਤਾਂ ਨਹੀਂ।

ਮੇਜੋ : ਲੈ ਦੇਖ ਗੱਲਾਂ ਕਿੰਨੀਆਂ ਆਉਂਦੀਆਂ ਨੇ ?

ਪੰਡਤ : ਉਏ ਕੰਜਰਾ...ਭਾਬੀ ਹੈ ਤਖ਼ਤ ’ਤੇ ਬਹਿਣ ਜੋਗੀ, ਤੇਰੇ ਲੜ ਲੱਗ ਗਈ ਬੁੱਤੀਆਂ ਕਰਨੀਆਂ ਪਈਆਂ...ਉਂਜ ਜਿਸ ਤਰ੍ਹਾਂ ਕਹਿੰਦੇ ਨੇ ਗਰੀਬ ਦੀ ਬਹੂ ਸਾਰਿਆਂ ਦੀ ਭਾਬੀ ਹੁੰਦੀ ਏ...ਕਿਉਂ ਗੁਰਮੇਜ ਕੌਰੇ ਮੈਂ ਕੋਈ ਗ਼ਲਤ ਕਿਹਾ ?

ਮੇਜੋ : ਭਰਾਵਾ ਤੂੰ ਸਾਨੂੰ ਮੇਜੋ ਤੇ ਸ਼ਿੱਬੂ ਹੀ ਰਹਿਣ ਦੇ...ਜਦੋਂ ਦਾ ਗੁਰਮੇਜ ਕੌਰ, ਨਸੀਬ ਸਿੰਘ ਬਣੇ ਹਾਂ ਵਖਤ ਪਿਆ ਹੋਇਆ ਹੈ...ਇਹ ਪਿਓ ਪੁੱਤ ਦੀ ਖਹਿਬੜ ਤੋਂ ਮੈਂ ਤੰਗ ਆ ਗਈ ਹਾਂ। ਪੁੱਤ ਕਹਿੰਦਾ ਏ ਕਿ ਭਾਪਾ ਨਸੀਬ ਸਿੰਘ ਬਣ ਕੇ ਰਹਿ...ਪਰ ਇਹ ਕਹਿੰਦਾ ਏ ਕਿ ਮੈਂ ਰਹੂੰ ਤਾਂ ਸ਼ਿੱਬੂ ਬਣ ਕੇ ਰਹੂੰ...ਨਹੀਂ ਤਾਂ ਮਰ ਜੂ।

ਪੰਡਤ : ਤੂੰ ਫ਼ਿਕਰ ਨਾ ਕਰ...ਇਹਨੂੰ ਅਸੀਂ ਆਪਣੀ ਬਰਾਦਰੀ ਵਿਚ ਰਲਾ ਲੈਣੇ ਜੇ ਆਖੇ ਤਾਂ ਆਪਣੇ ਵੱਲੋਂ ਪਿੰਡ ਦਾ ਪੰਚ ਚੁਣ ਲੈਣਾ ਏ।

ਮੇਜੋ : ਨਾ ਭਰਾਵਾ...ਇਹ ਨਾ ਕਰਿਓ...ਅੱਗੇ ਹੀ ਸਰਪੰਚ ਪ੍ਰੀਤਮ ਸਿੰਘ ਵੈਰ ਪਈ ਜਾਂਦਾ ਏ।

ਪੰਡਤ : ਕਿਉਂ ?

ਮੇਜੋ : ਸੰਗਰਾਂਦ ਵਾਲੇ ਦਿਨ ਬਿੱਲੂ ਦੇ ਕਹਿਣ 'ਤੇ ਗੁਰਦੁਆਰੇ ਦੇ ਭਾਈ ਨੇ ਸਰਦਾਰ ਨਸੀਬ ਸਿੰਘ ਮਾਹਲਾ ਸਵਾ ਪੰਜ ਲੱਖ ਦਮੜੇ ਗੁਰੂ ਮਹਾਰਾਜ ਦੀ ਹਜ਼ੂਰੀ 'ਚ ਅਰਦਾਸ ਕਰਦੇ ਹਨ...ਕਿਹਾ ਤਾਂ ਪ੍ਰੀਤਮ ਸਿੰਘ ਨੂੰ ਚਿੜ ਚੜ੍ਹ ਗਈ...ਭਰੀ ਸਭਾ ਵਿਚ ਪੁੱਛਣ ਲੱਗਾ ਕਿ ਇਹ ਸਰਦਾਰ ਨਸੀਬ ਸਿੰਘ ਮਾਹਲਾ ਕੌਣ ਹੋਇਆ। ਬਿੱਲੂ ਨੇ ਆਖਿਆ ਮੇਰਾ ਭਾਪਾ...ਬੜਾ ਨੱਕ ਚਾੜ੍ਹਿਆ।

ਪੰਡਤ : ਫੇਰ ਤਾਂ ਉਹਨੂੰ ਸਵਾ ਲੱਖ ਦਮਜਿਆਂ ਦੀ ਥਾਂ ਸਵਾ ਦਸ ਲੱਖ ਦਮੜਿਆਂ ਦੀ ਅਰਦਾਸ ਕਰਵਾਉਣੀ ਪਈ ਹੋਵੇਗੀ।

ਮੇਜੋ : ਭਰਾਵਾ ਹੋਰ ਕੀ...ਇਹ ਵੱਡੇ ਬੰਦੇ ਭਲਾ ਕਦੋਂ ਚਾਹੁੰਦੇ ਨੇ ਕਿ ਕੋਈ ਨੀਵਾਂ ਵੀ ਉੱਚਾ ਹੋਵੇ।

ਪੰਡਤ : ਇਨ੍ਹਾਂ ਦੇ ਚਾਹੁੰਣ ਜਾਂ ਨਾ ਚਾਹੁਣ ਨਾਲ ਦੁਨੀਆ ਥੋੜਾ ਚਲਦੀ ਏ...ਅਸੀਂ ਬਰਾਦਰੀ ਬਣਾ ਕੇ ਦੱਸਾਂਗੇ।

ਸ਼ਿੱਬੂ : ਪਰ ਪੰਡਤਾ ਦੱਸ ਆਇਆ ਕਿਵੇਂ ਏ ?

ਪੰਡਤ : ਓਏ ਸ਼ਿੱਬੂ, ਇਕ ਸੁਨੇਹਾ ਘੱਲਣਾ ਏ ਤੇਰੀ ਭਾਬੀ ਵੱਲ।

ਮੇਜੋ : ਕਿਉਂ, ਕਿਥੇ ਗਈ ਏ ਪ੍ਰਸੰਨੋ ?

ਪੰਡਤ : ਰੁੱਸ ਕੇ ਪੇਕੇ ਗਈ ਏ।

ਸ਼ਿੱਬੂ : ਨਾ ਪੰਡਤਾ...ਅਸੀਂ ਸੁਨੇਹੇ ਦੇਣ ਲੈਣ ਵਾਲੇ ਕੰਮ ਛੱਡ ਦਿੱਤੇ ਨੇ... ਬਿੱਲੂ ਇਹੋ ਕਹਿੰਦਾ ਲਾਗਪੁਣਾ ਨਹੀਂ ਕਰਨਾ।

ਪੰਡਤ : ਓਏ ਕੰਜਰਾ, ਇਹ ਲਾਗਪੁਣਾ ਨਹੀਂ...ਭਰਾਵਾਂ ਦੀ ਮਦਦ ਕਰਨ ਵਾਲੀ ਗੱਲ ਏ।

ਮੇਜੋ : ਪਰ ਭਰਾਵਾ, ਇਹ ਕੰਮ ਤੇਰੇ ਆਪ ਕਰਨ ਵਾਲਾ ਏ...ਸੁਨੇਹੇ ਨਾਲ ਨਹੀਂ ਕੰਮ ਬਣਨਾ।

ਸ਼ਿੱਬੂ : ਉਹ ਰੁੱਸ ਕੇ ਗਈ ਹੀ ਤਾਂ ਵੇ ਕਿ ਪੰਡਤ ਆਪ ਲੈਣ ਆਵੇ...ਅਸੀਂ ਤਾਂ ਸਾਰੀ ਉਮਰ ਤਰਸਦੇ ਰਹੇ ਕਿ ਸਾਡੀ ਮੇਜੋ ਵੀ ਰੁੱਸ ਕੇ ਜਾਵੇ ਤਾਂ ਅਸੀਂ ਮਨਾਉਣ ਜਾਈਏ...ਪਰ ਪੰਡਤਾ ਫ਼ਿਕਰ ਨਾ ਕਰ ਤੇਰਾ ਕੰਮ ਕਰ ਦੇਵਾਂਗਾ। ਜਾ ਕੇ ਐਸਾ ਨਕਸ਼ਾ ਖਿੱਚਾਂਗੇ ਕਿ ਉਹ ਭੱਜੀ ਆਵੇ...ਜੀਹਨੂੰ ਕਹਿੰਦੇ ਨੇ ਕੱਚੇ ਧਾਗੇ ਨਾਲ ਬੰਨੀ ਆਵੇ ਸਰਕਾਰ, ਪਰ ਇਕ ਗੱਲ ਏ ਆਪਣੇ ਬਿੱਲੂ ਨੂੰ ਨਾ ਪਤਾ ਲੱਗੇ...ਫੇਰ ਰੇੜਕਾ ਪਾ ਦਊ।

ਪੰਡਤ : ਕੀ ਕਵ੍ਹੇਂਗਾ ?

ਸ਼ਿੱਬੂ : ਕਵ੍ਹਾਂਗਾ ਪੰਡਤ ਮਰਨ ਕਿਨਾਰੇ ਏ, ਜੇ ਨਾ ਗਈ ਤਾਂ ਮੋਏ ਦਾ ਮੂੰਹ ਵੇਖੇਂਗੀ ਤੇ ਉਹ ਭੱਜੀ ਆਏਗੀ...ਤਿਆਰ ਤਾਂ ਉਹ ਪਹਿਲੇ ਹੀ ਬੈਠੀ ਹੋਣੀ ਏ ਕਿ ਕੋਈ ਆਏ...ਰੁੱਸਣ ਦਾ ਸਵਾਦ ਹੀ ਤਾਂ ਏ ਕਿ ਕੋਈ ਮਨਾਉਣ ਆਏ।

ਮੇਜੋ : ਇਹ ਭਰਾਵਾ ਆਪਣੀ ਗੱਲ ਪਿਆ ਕਰਦਾ ਏ।

ਪੰਡਤ : ਉਹ ਕਿਵੇਂ ?

ਮੇਜੋ : ਬਿੱਲੂ ਨਾਲ ਲੜ ਕੇ ਜਾ ਬੈਠਾ ਗੁਰਦੁਆਰੇ...ਫੇਰ ਅੱਡੀਆਂ ਚੁੱਕ-ਚੁੱਕ ਦੇਖੇ ਕਿ ਕੋਈ ਲੈਣ ਆਵੇ। ਬਿੱਲੂ ਦੋ ਵਾਰੀ ਚੋਰੀ-ਚੋਰੀ ਵੇਖ ਆਇਆ। ਸ਼ਾਮੀ ਕਹਿਣ ਲੱਗਾ—ਬੀਬੀ ਲੈ ਆ ਸੂ, ਚਾਹ ਦਾ ਵੇਲਾ ਹੋ ਗਿਆ ਏ ਤੇ ਭਾਪੇ ਦਾ ਅਮਲ ਟੁੱਟਾ ਹੋਣਾ ਏ...ਗੁਰਦੁਆਰੇ ਗਈ ਤਾਂ ਜਿਵੇਂ ਪਹਿਲੇ ਹੀ ਤਿਆਰ ਬੈਠਾ ਸੀ।

ਸ਼ਿੱਬੂ : ਹੈ ਕੰਜਰ ਦੀ...ਗੱਲਾਂ ਕਿਵੇਂ ਬਣਾਉਂਦੀ ਏ। ਪੰਡਤਾ ਫ਼ਿਕਰ ਨਾ ਕਰ...ਤੇਰਾ ਕੰਮ ਹੁਣੇ ਜਾ ਕੇ ਕਰਦੇ ਹਾਂ...ਪਰ ਇਕ ਵਾਰ ਫੇਰ ਆਖ ਦੇਵਾਂ..ਬਿੱਲੂ ਨੂੰ ਨਾ ਕੁਝ ਪਤਾ ਲੱਗੇ।

ਪੰਡਤ : (ਜਾਂਦਾ ਹੋਇਆ) ਆਖ ਜੋ ਦਿੱਤਾ, ਨਹੀਂ ਦੱਸਦਾ ਬਿੱਲੂ ਨੂੰ।

ਸ਼ਿੱਬੂ : ਵੇਖ ਲੈ ਮੇਜੋ...ਬਿੱਲੂ ਕਹਿੰਦਾ ਥੱਕਦਾ ਨਹੀਂ ਕਿ ਪੰਡਤ ਵਰਗਾ ਸਿਆਣਾ ਕੋਈ ਨਹੀਂ ਪਿੰਡ ਵਿਚ...ਤੇ ਇਹਦੀ ਸਿਆਣਪ ਦਾ ਪਤਾ ਇਹ ਕਿ ਵਹੁਟੀ ਹੀ ਰੁੱਸ ਕੇ ਨੱਸ ਗਈ। ਤੈਨੂੰ ਅਸੀਂ ਕਦੀ ਰੁੱਸਣ ਦਿੱਤਾ ਏ...ਤੇ ਹੁਣ ਫੜਾ ਰੋਟੀ, ਖਾ ਕੇ ਜਾਈਏ ਪੰਡਤ ਦੇ ਕੰਮ।

ਮੇਜੋ : ਹੁਣੇ ਤਾਂ ਕਹਿੰਦਾ ਸੀ ਕਿ ਭੁੱਖ ਨਹੀਂ।

ਸ਼ਿੱਬੂ : ਵੇਹਲੇ ਬੈਠ ਕੇ ਭੁੱਖ ਥੋੜਾ ਲੱਗਦੀ ਏ...ਹੁਣ ਪੰਡਤ ਨੇ ਸਾਨੂੰ ਉਹ ਕੰਮ ਦੇ ਦਿੱਤਾ ਜਿਹੜਾ ਸਾਡਾ ਪੁਸ਼ਤਾਂ ਤੋਂ ਏ ਸੁਨੇਹੇ ਦੇਣੇ...ਕਿਸੇ ਦੀ ਧੀ ਭੈਣ ਨੂੰ ਲੈ ਆਉਣਾ...ਕਿਸੇ ਨੂੰ ਛੱਡ ਆਉਣਾ। ਪ੍ਰਸਿੰਨੀ ਭਾਬੀ ਨੂੰ ਲੈ ਕੇ ਤਾਂ ਆਊਂ...ਪਰ ਪੰਡਤ ਕੋਲੋਂ ਲਾਗ ਨਹੀਂ ਛੱਡਣੀ।

ਮੇਜੋ : ਆਹੋ ਵਾਦੀਆਂ ਕਿਥੋਂ ਜਾਂਦੀਆਂ ਨੇ।

ਸ਼ਿੱਬੂ : ਵਾਰੇ ਸ਼ਾਹ ਨਾ ਵਾਦੀਆਂ ਜਾਂਦੀਆਂ ਨੇ, ਭਾਵੇਂ ਕੱਟੀਏ ਪੋਰੀਆਂ ਪੋਰੀਆਂ ਜੀ।

ਮੇਜੋ : ਅੱਛਾ ਆ ਫੇਰ ਚੌਂਕੇ ਵਿਚ ਬੈਠ ਕੇ ਹੀ ਖਾ ਲੈ, ਮੁੱਦਤਾਂ ਬਾਅਦ ਤੈਨੂੰ ਚਾਅ ਚੜ੍ਹਿਆ ਏ।

*(ਦੋਨੋਂ ਮੰਚ ਤੋਂ ਬਾਹਰ ਜਾਂਦੇ ਹਨ।)*

## ਦੂਸਰਾ ਸੀਨ

[ਬਿੱਲੂ ਅੰਦਰ ਅਖ਼ਬਾਰ ਪੜ੍ਹ ਰਿਹਾ ਹੈ। ਸ਼ਿੱਬੂ ਇਕ ਕਮੀਜ਼ ਚੁੱਕੀ ਉੱਤੋਂ ਹੇਠਾਂ ਵੇਖ ਰਿਹਾ ਹੈ।]

ਬਿੱਲੂ : ਨਾ ਬਾਪੂ...ਕਮੀਜ਼ ਤੂੰ ਕਿਥੋਂ ਚੁੱਕ ਲਿਆਇਆ ਏਂ...ਮੈਂ ਨਹੀਂ ਪਾਣ ਦੇਣੀ ਤੈਨੂੰ ?

ਸ਼ਿੱਬੂ : ਓਏ ਕੀ ਏ ਏਸ ਕਮੀਜ਼ ਨੂੰ...ਟੈਰਾਲੀਨ ਦੀ ਏ। ਧੋਤੀ ਵੀ ਝੱਟ ਜਾਂਦੀ ਏ ਤੇ ਸੁੱਕ ਵੀ ਝੱਟ ਜਾਂਦੀ ਏ, ਮਾਂ ਤੇਰੀ ਦਾ ਕੰਮ ਸੌਖਾਲਾ ਹੋ ਜਾਂਦਾ ਏ।

ਮੇਜੋ : ਤੂੰ ਆਪਣੀ ਗੱਲ ਕਰ...ਮੈਂ ਸੌਖੀ ਹੋਵਾਂ ਜਾਂ ਔਖੀ, ਇਹ ਤਾਂ ਅੱਗੇ ਤੈਨੂੰ ਕਦੀ ਯਾਦ ਨਾ ਆਇਆ ?

ਸ਼ਿੱਬੂ : ਤੂੰ ਤਾਂ ਹਰ ਵੇਲੇ ਡਾਂਗ ਚੁੱਕੀ ਫਿਰਦੀ ਏਂ...ਗੱਲ ਕਰੋ ਤਾਂ ਖਾਣ ਨੂੰ ਪੈਂਦੀ ਏਂ...ਭਲਾ ਇਸ ਕਮੀਜ਼ ਵਿਚ ਕੀ ਮਾੜਾ ਏ ?

ਬਿੱਲੂ : ਇਹ ਤੇਰੀ ਕਮੀਜ਼ ਉਸ ਪ੍ਰੀਤਮ ਸਿੰਘ ਦੀ ਲੱਥੀ ਹੋਈ ਏ ਤੇ ਮੈਂ ਤੈਨੂੰ ਸਰਦਾਰਾਂ ਦਾ ਲੱਥਾ ਹੋਇਆ ਕੱਪੜਾ ਨਹੀਂ ਪਾਉਣ ਦੇਣਾ।

ਸ਼ਿੱਬੂ : ਓਏ ਹੱਦ ਹੋ ਗਈ ਏ...ਤੁਹਾਡੇ ਕੰਜਰਾਂ ਦੇ ਮਜਾਜ ਈ ਨਹੀਂ ਸਾਂਭਣ 'ਚ ਆਉਂਦੇ। ਤੁਸੀਂ ਪਟਿਆਲੇ ਆਲੇ ਰਾਜੇ ਦੀ ਔਲਾਦ ਕਿਥੋਂ ਜੰਮ ਪੇ...ਮੈਂ ਪਿੰਡ ਵਾਲਿਆਂ ਨਾਲ ਨਾਤਾ ਥੋੜਾ ਤੋੜ ਲੈਣਾ ?

ਬਿੱਲੂ : ਕੀ ਏ ਤੇਰਾ ਪਿੰਡ ਨਾਲ ਨਾਤਾ ? ਬਸ ਬੁੱਤੀਆਂ ਕਰਨਾ।

ਸ਼ਿੱਬੂ : ਸਾਡਾ ਤਿੰਨ ਪੀੜੀਆਂ ਦਾ ਨਾਤਾ ਏ ਪਿੰਡ ਵਾਲਿਆਂ ਨਾਲ...ਬਾਰੋਂ ਪਿੰਡ ਉੱਜੜ ਕੇ ਆਇਆ, ਅਸੀਂ ਵੀ ਨਾਲ ਆਏ। ਅਸੀਂ ਸਾਂਸੀ ਹਾਂ...ਸਾਡਾ ਕੰਮ ਏ ਬੁੱਤੀਆਂ ਕਰਨਾ ਤੇ ਇਸ ਕੰਮ ਦਾ ਆਪਣਾ ਈ ਸੁਆਦ ਏ। ਖ਼ੁਸ਼ੀਆਂ-ਗ਼ਮੀਆਂ ਦੇ ਸੁਨੇਹੇ ਖੜਨੇ ਤੇ ਲਿਆਉਣੇ। ਪਿੰਡ ਦੇ ਵਿਆਹ ਸ਼ਾਦੀਆਂ ਜਾਂ ਹੋਰ ਮੌਕਿਆਂ 'ਤੇ ਬਿਸਤਰੇ ਇਕੱਠੇ ਕਰਨੇ ਤੇ ਲੋਕਾਂ ਦੀ ਅਬੀ-ਨਬੀ ਕੰਮ ਆਉਣਾ...ਕਿਸੇ ਦੇ ਕੰਮ ਆਉਣਾ ਕੋਈ ਮਾੜੀ ਗੱਲ ਥੋੜਾ ਏ।

ਬਿੱਲੂ : ਤੇ ਇਹਦੇ ਬਦਲੇ ਤੈਨੂੰ ਦੇਂਦੇ ਨੇ ਲੱਥੀਆਂ ਹੋਈਆਂ ਕਮੀਜ਼ਾਂ।

ਸ਼ਿੱਬੂ : ਓਏ ਇਹ ਤਾਂ ਭਰਾਵਾਂ ਵਾਲੀ ਸਾਂਝ ਏ...ਪ੍ਰੀਤਮ ਸਿੰਘ ਕਹਿਣ ਲੱਗਾ—ਲੈ ਬਈ ਸ਼ੀਬਿਆ, ਥੋੜ੍ਹੀ ਮੈਂ ਹੰਢਾ ਲਈ, ਬਾਕੀ ਤੂੰ ਹੰਢਾ ਲਈਂ।

ਬਿੱਲੂ : ਪ੍ਰੀਤਮ ਸਿੰਘ ਸਰਦਾਰ ਨੇ ਇਹ ਤਾਂ ਨਹੀਂ ਆਖਿਆ ਕਿ ਲੈ ਸ਼ਿੱਬੂ ਨਵੀਂ ਕਮੀਜ਼ ਸੁਆਈ ਏ...ਪਹਿਲਾਂ ਥੋੜ੍ਹੀ ਤੂੰ ਹੰਢਾ ਲੈ, ਫੇਰ ਮੈਂ ਹੰਢਾ

ਲਊਂਗਾ।

ਸ਼ਿੱਬੂ : ਉਏ ਵੱਡੇ ਬੰਦੇ ਭਲਾ ਇਉਂ ਕਿਉਂ ਕਰਨਗੇ ?

ਮੇਜੋ : ਤੇ ਇਹੋ ਮੁੰਡਾ ਕਹਿੰਦਾ ਏ ਕਿ ਤੂੰ ਵੀ ਬੰਦਾ ਬਣ ਜਾ...ਆਰਾਮ ਨਾਲ ਘਰ ਬਹਿ ਜਾ...ਚੰਗਾ ਭਲਾ ਘਰ ਵਿਚ ਖਾਣ-ਪੀਣ ਨੂੰ ਹੈਗਾ।

ਸ਼ਿੱਬੂ : ਆਰਾਮ ਨਾਲ ਕੀਕਣ ਬੈਠ ਜਾਵਾਂ...ਬੰਦੇ ਦੇ ਹੱਡਾਂ ਵਿਚ ਪਾਣੀ ਪੈ ਜਾਂਦਾ ਏ।

ਬਿੱਲੂ : ਕੰਮ ਹੋਰ ਵੀ ਬਥੇਰੇ ਹੋ ਸਕਦੇ ਨੇ...ਪਰ ਨੀਤ ਨਹੀਂ ਜਾਂਦੀ ਮਾੜੀਆਂ ਕੌਮਾਂ ਆਲੀ।

ਸ਼ਿੱਬੂ : ਕੀ ਕਿਹਾ ਮਾੜੀਆਂ ਕੌਮਾਂ ਆਲੀ ਨੀਤ...ਉਏ ਭੈੜੀਏ ਅਲਾਦੇ, ਤੂੰ ਨੀ ਮਾੜੀ ਕੌਮ ਦਾ...ਜੇ ਐਡਾ ਈ ਨੱਕ ਸੀ ਤੇ ਉਦੋਂ ਹੀ ਸੰਧਾਵਾਲੀਏ ਸਰਦਾਰ ਦੇ ਘਰ ਜੰਮਣਾ ਸੀ...ਮੇਰੇ ਘਰ ਕਾਹਨੂੰ ਗੰਦ ਪਾਇਆ ਮਾੜੀ ਜਾਤ ਆਲੇ ਦੇ।

ਮੇਜੋ : ਲੈ ਬਸ ਸ਼ੁਰੂ ਹੋ ਗਿਆ।

ਸ਼ਿੱਬੂ : ਸ਼ੁਰੂ ਨਾ ਹੋਵਾਂ...ਹੁਣ ਇਹਨੇ ਵੀ ਮਾੜੀ ਕੌਮ ਦਾ ਮੇਹਣਾ ਦੇ ਦਿੱਤਾ। ਅਸੀਂ ਆਪਣੇ ਬਾਪੂ ਨੂੰ ਕਦੀ ਇਹ ਕਿਹਾ—ਪਈ ਰੱਬ ਕੰਜਰ ਨੇ ਲੇਖ ਹੀ ਲੱਭੂ ਦੇ ਘਰ ਲਿਖੇ ਸੀ ਤਾਂ ਮੈਂ ਬਨਾਰਸੀ ਆੜ੍ਹਤੀਏ ਦੇ ਘਰ ਕਿੱਦਾਂ ਜੰਮ ਪੈਂਦਾ ?

ਬਿੱਲੂ : ਲੈ ਹੁਣ ਬਨਾਰਸੀ ਆੜ੍ਹਤੀਆ ਲਿਆ ਵਾੜਿਆ...ਇਹੋ ਤੇ ਤੇਰੀ ਸੋਚ ਏ ਜਿਹੜੀ ਤੈਨੂੰ ਤੇਰੇ ਆਪਣੇ ਤੋਂ ਪਿੱਛਾ ਨਹੀਂ ਛੁਡਾਉਣ ਦੇਂਦੀ...ਤੇ ਭਾਪਾ ਇਕ ਗੱਲ ਦੋ ਟੁੱਕ ਸੁਣ ਲੈ...ਇਸ ਘਰ ਵਿਚ ਨਾ ਕਿਸੇ ਦਾ ਲੱਥਾ ਕੱਪੜਾ ਆਏਗਾ ਤੇ ਨਾ ਹੀ ਲਾਗ ਦੀ ਮਠਿਆਈ। ਇਹ ਤੂੰ ਜਿਹੜੀ ਰੋਟੀ ਤੇ ਕੜਾਹ ਵੀ ਪ੍ਰੀਤਮ ਸਿੰਘ ਦੇ ਘਰੋਂ ਲਿਆਇਆ ਏਂ, ਇਹ ਵੀ ਵਾਪਸ ਕਰ ਦੇ ਜਾਂ ਕਾਲੇ ਕੁੱਤੇ ਨੂੰ ਪਾ ਦੇ। ਘਰ ਵਿਚ ਨਹੀਂ ਖਾਣਾ ਕਿਸੇ ਨੇ...ਤੂੰ ਜੇ ਕੜਾਹ ਖੁਣੋਂ ਬਹੁਤਾ ਔਖਾ ਏ ਤਾਂ ਉਥੇ ਹੀ ਖਾ ਆਇਆ ਕਰ, ਜੋ ਜਹਾਨ ਦੀ ਜੂਠ ਚੁੱਕ ਕੇ ਘਰ ਲੈ ਆਉਂਦਾ...।

ਸ਼ਿੱਬੂ : ਨੀ ਮੇਜੋ...ਤੂੰ ਖਾਣੀ ਏ ਕਿ ਨਹੀਂ ?

ਮੇਜੋ : ਕਹਿ ਜੁ ਦਿੱਤਾ...ਘਰ ਵਿਚ ਕਿਸੇ ਨੇ ਨਹੀਂ ਖਾਣੀ।

ਸ਼ਿੱਬੂ : ਓਏ ਭੈੜੀਏ ਅਲਾਦੇ...ਤੂੰ ਐਡਾ ਇਹੋ ਜੂਠ ਖਾ ਕੇ ਹੋਇਆ।

ਬਿੱਲੂ : ਭਾਪਾ ਜਿਹੜੀ ਜੂਠ ਖਾਣੀ ਸੀ, ਖਾ ਲਈ...ਹੁਣ ਖਾਵਾਂਗਾ ਭਾਵੇਂ ਸੁੱਕੀ, ਪਰ ਖਾਵਾਂਗਾ ਸੁੱਚੀ। ਤੇ ਸੁਣ ਹੁਣ ਤੂੰ ਵੀ ਪਿੰਡ ਦਾ ਕੰਮ ਛੱਡ ਦੇ...ਸਾਰੀ ਉਮਰ ਜੱਟਾਂ ਦੀਆਂ ਬੁੱਤੀਆਂ ਕਰਦਿਆਂ ਲੰਘ

ਗਈ...ਹੁਣ ਤੇ ਚਾਰ ਦਿਨ ’ਰਾਮ ਨਾਲ ਬਹਿ ਜਾ...ਐਵੇਂ ਜਣੇ-ਖਣੇ ਨੂੰ ਸਰਦਾਰ ਜੀ, ਸਰਦਾਰ ਜੀ ਕਰਦਾ ਫਿਰਦੈਂ...ਜੱਟਾਂ ਦੇ ਮੁੰਡੇ ਜਿਨ੍ਹਾਂ ਨੂੰ ਨਲੀ ਪੂੰਝਣੀ ਨਹੀਂ ਆਉਂਦੀ, ਉਹ ਵੀ ਬੀਬੀ ਨੂੰ ਭਾਬੀ ਤੇ ਤੈਨੂੰ ਸ਼ਿੱਬੂ ਕਾਨਿਆ ਕਹਿ ਕੇ ਵਾਜ ਮਾਰਦੇ ਨੇ ਤੇ ਇਹ ਮੇਰੀ ਬਰਦਾਸ਼ਤ ਤੋਂ ਬਾਹਰ ਏ।

ਸ਼ਿੱਬੂ : ਕੰਮ ਛੱਡ ਕੇ ਜੀਆਂਗਾ ਕਿਵੇਂ...ਕੋਈ ਆਖੇ—ਸ਼ਿੱਬੂ ਵਿਆਹ ਦੇ ਸੱਦੇ ਦੇਣੇ ਆ, ਪਿੰਡ ’ਚ ਫਲਾਣੇ ਥਾਂ ਮੱਝ ਛੱਡ ਕੇ ਆਉਣੀ ਏ, ਮੁੰਡੇ ਦੀ ਭਾਜੀ ਦੇ ਕੇ ਆਉਣੀ ਏ ਤੇ ਮੈਂ ਨਾਂਹ ਕਰ ਦੇਵਾ...ਕਿਵੇਂ ਕਹਾਂ ਕਿ ਮੈਂ ਹੁਣ ਬੁੱਤੀਆਂ ਨਹੀਂ ਕਰਨੀਆਂ।

ਬਿੱਲੂ : ਆਹੋ ਆਖ ਆਪਣਾ ਕੰਮ ਆਪ ਕਰੋ ਜਾਂ ਹੋਰ ਲਾਗੀ ਲੈ ਆਓ।

ਸ਼ਿੱਬੂ : ਹੋਰ ਲਾਗੀ ਆਇਆ ਤਾਂ ਆਪਣਾ ਨਮੋਸ਼ੀ ਨਾਲ ਨੱਕ ਨਾ ਵੱਢਿਆ ਜਾਏਗਾ।

ਮੇਜੋ : ਨੱਕ ਕਿਉਂ ਵੱਢਿਆ ਜਾਏਗਾ...ਇਹ ਕਿਹੜਾ ਗੁਰਦੁਆਰੇ ਅਰਦਾਸ ਵਾਲੀ ਗੱਲ ਏ...ਕਿ ਭਾਈ ਦੇ ਹੁੰਦੇ ਜੇ ਕੋਈ ਹੋਰ ਅਰਦਾਸ ਕਰ ਦੇਵੇ ਤਾਂ ਭਾਈ ਦਾ ਨੱਕ ਵੱਢਿਆ ਜਾਏਗਾ।

ਬਿੱਲੂ : ਵਿਚੋਂ ਗੱਲ ਤਾਂ ਬੁੱਤੀਆਂ ਕਰਨ ਦੀ ਏ...ਨੀਵਾਂ ਕੰਮ ਛੱਡਣ ਨਾਲ ਨੱਕ ਨਹੀਂ ਵੱਢਿਆ ਜਾਂਦਾ।

ਸ਼ਿੱਬੂ : ਨੀਵਾਂ ਕੰਮ ਕਿਉਂ ਏ...ਇਹ ਤਾਂ ਸੇਵਾ ਏ ਤੇ ਸੇਵਾ ਦਾ ਕੰਮ ਨੀਵਾਂ ਨਹੀਂ ਹੁੰਦਾ...ਗੁਰੂ ਮਹਾਰਾਜ ਨੇ ਵੀ ਇਹ ਕਿਹਾ ਏ।

ਬਿੱਲੂ : ਗੁਰੂ ਮਹਾਰਾਜ ਨੇ ਇਹ ਨਹੀਂ ਕਿਹਾ ਕਿ ਨੀਵਾਂ ਹੋ ਕੇ ਵੱਡਿਆਂ ਦੀ ਸੇਵਾ ਕਰੋ...ਜੇ ਸੇਵਾ ਵਾਲੀ ਗੱਲ ਏ ਤਾਂ ਫੇਰ ਪ੍ਰੀਤਮ ਸਿੰਘ ਸਰਪੰਚ ਨੂੰ ਕਹਿ...ਜਿਹੜਾ ਗਾਤਰਾ ਪਾ ਕੇ ਵੱਡਾ ਸਮਾਜ ਸੇਵਕ ਬਣਿਆ ਫਿਰਦੈ...ਇਹਨੂੰ ਕਹਿ ਖਾਂ ਮੈਂ ਇਹਨੂੰ ਦੂਣੇ ਪੈਸੇ ਦੇਂਦਾ ਹਾਂ...ਸਾਡੀ ਬੁੱਤੀ ਕਰ ਆਵੇ।

ਸ਼ਿੱਬੂ : ਉਹ ਕੀਕਣ ਬੁੱਤੀ ਕਰੇ...ਇਹ ਹਰ ਇਕ ਦੇ ਜ਼ਿੰਮੇ ਉਪਰ ਵਾਲੇ ਨੇ ਕੰਮ ਲਾਏ ਹੋਏ ਨੇ।

ਬਿੱਲੂ : ਬਸ ਜਦੋਂ ਕੋਈ ਹੋਰ ਗੱਲ ਨਾ ਰਹਿ ਜਾਏ ਤਾਂ ਉਪਰ ਵਾਲੇ ਨੂੰ ਖਿੱਚ ਲੈ ਆਓ...ਉਪਰ ਵਾਲੇ ਨੇ ਤਾਂ ਉੱਚੇ ਨੀਵੇਂ ਨਹੀਂ ਬਣਾਏ।

ਸ਼ਿੱਬੂ : ਨਾ ਹੁਣ ਸਰਦਾਰਾਂ ਦੀ ਬਰਾਬਰੀ ਕਰੇਂਗਾ ?

ਬਿੱਲੂ : ਬਰਾਬਰੀ ਕਰਾਂ ਜਾਂ ਨਾ ਕਰਾਂ...ਆਪਣੇ ਆਪ ਨੂੰ ਨੀਵਾਂ ਨਹੀਂ ਆਖਾਂਗਾ ਤੇ ਤੈਨੂੰ ਤੇਰੇ ਉਸ ਸ੍ਰ. ਪ੍ਰੀਤਮ ਸਿੰਘ ਦੀਆਂ ਬੁੱਤੀਆਂ ਨਹੀਂ ਕਰਨ ਦੇਵਾਂਗਾ।

ਸ਼ਿੱਬੂ : ਓਏ ਲੋਹੜਾ ਆ ਗਿਆ...ਏਹ ਉਹੋ ਸ੍ਰ. ਪ੍ਰੀਤਮ ਸਿੰਘ ਆ ਜੀਹਨੇ ਕੁੜੀ ਦੇ ਵਿਆਹ 'ਤੇ ਖੜੇ ਪੈਰ ਚਾਰ ਹਜ਼ਾਰ ਰੁਪਿਆ ਦੇ ਦਿੱਤਾ ਸੀ।

ਬਿੱਲੂ : ਤੇ ਵਿਆਜ ਵੀ ਤੇ ਪੰਜ ਰੁਪਏ ਸੈਂਕੜਾ ਲਾਇਆ ਸੀ...ਤੈਨੂੰ ਮੁਫ਼ਤ ਤੇ ਨਹੀਂ ਸੀ ਦੇਤਾ ਕਲੇਰਾਂ ਵਾਲੇ ਸੰਤ ਨੂੰ।

ਸ਼ਿੱਬੂ : ਹੂੰ ਵਿਆਜ ਨਾ ਲਾਵੇ ਤੇ ਹੋਰ ਦਾਨ ਕਰੀ ਜਾਏ...ਅਗਲੇ ਦੀ ਹੱਕ ਹਲਾਲ ਦੀ ਕਮਾਈ ਆ।

ਬਿੱਲੂ : ਆਹੋ ਹੱਕ ਹਲਾਲ ਦੀ ਕਮਾਈ ਉਹਦੀ ਭੁੱਲੀ ਹੋਈ ਏ ? ਬਲੈਕ 'ਚ ਫੀਮ ਵੇਚਣੀ ਇਕੋ ਇਕ ਕੰਮ ਰਹਿ ਗਿਆ ਏ ਹੱਕ ਹਲਾਲ ਦਾ।

ਸ਼ਿੱਬੂ : ਓਏ ਭੈੜੀਏ ਔਲਾਦੇ...ਅਗਲੇ ਜੋ ਕਰਦੇ ਆ ਆਪਣੇ ਸਿਰ 'ਤੇ ਕਰਦੇ ਆ।

ਮੇਜੋ : ਉਏ ਕਿਉਂ ਝਗੜਦੇ ਹੋ...ਭਲਾ ਇਹ ਸ੍ਰ. ਪ੍ਰੀਤਮ ਸਿੰਘ ਕੀ ਲਗਦੈ ?

ਸ਼ਿੱਬੂ : ਲਗਦੈ ਆਪਣਾ ਜਜਮਾਨ...ਤਿੰਨ ਪੁਸ਼ਤਾਂ ਤੋਂ ਸਾਡੀ ਸਾਂਝ ਏ, ਕੋਈ ਮਖ਼ੌਲ ਆ...ਮੇਰਾ ਬਾਪੂ ਲੱਭੂ ਇਹਦੇ ਬਾਪੂ ਨਛੱਤਰ ਸਿੰਘ ਦੀ ਲਾਗ ਕਰਦਾ ਸੀ। ਮੇਰਾ ਦਾਦਾ, ਕੀ ਨਾਂ ਸੀ ਉਹਦਾ ਭੁੱਲ ਗਿਆ...ਇਹਦੇ ਦਾਦੇ ਦਰਸ਼ਨ ਸਿੰਘ ਦੀ ਲਾਗ ਕਰਦਾ ਸੀ...ਸ੍ਰ. ਦਰਸ਼ਨ ਸਿੰਘ ਦਾ ਬਾਪੂ ਫੂਲਾ ਸਿੰਘ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵਿਚ ਸੀ ਤੇ ਫੂਲਾ ਸਿੰਘ ਦਾ ਪਿਉ ਗੰਢਾ ਸਿੰਘ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਦਾ ਖਾਸ ਦਰਬਾਰੀ ਸੀ।

ਬਿੱਲੂ : ਵੇਖਿਆ ਮਾਂ...ਆਪਣੇ ਦਾਦੇ ਦਾ ਨਾਂ ਭੁੱਲ ਜਾਂਦਾ ਏ...ਪ੍ਰੀਤਮ ਸਿੰਘ ਦੀਆਂ ਪੰਜ ਪੀੜ੍ਹੀਆਂ ਦੇ ਨਾਂ ਚੇਤੇ ਕੀਤੇ ਹੋਏ ਨੇ।

ਸ਼ਿੱਬੂ : ਓਏ ਲਾਗੀਆਂ ਨੂੰ ਜਜਮਾਨ ਦੇ ਖਾਨਦਾਨ ਦੇ ਜਿੰਨੇ ਨਾਂ ਬਹੁਤੇ ਯਾਦ ਹੋਣਗੇ...ਕਲਾਣ ਓਨੀ ਚੰਗੀ ਬੋਲੀ ਜਾਏਗੀ...ਇਨਾਮ ਬਹੁਤਾ ਮਿਲੇਗਾ। ਪ੍ਰੀਤਮ ਸਿੰਘ ਨੇ ਕਦੇ ਮੇਰੇ ਨਾਲ ਘੱਟ ਨਹੀਂ ਕੀਤੀ, ਮੈਂ ਕਿਉਂ ਕਰਾਂ ?

ਬਿੱਲੂ : ਚੱਲ ਚੰਗਾ ਏ...ਜੇ ਤੈਨੂੰ ਏਨਾ ਹੀ ਹੇਰਵਾ ਏ ਉਹਦਾ ਤਾਂ ਓਧਰ ਹੀ ਜਾ ਰਹੋ...ਏਥੇ ਪੇਹਲੇ ਲੈਣ ਆਉਂਦੈ ?

ਸ਼ਿੱਬੂ : ਓਏ ਤੂੰ ਮੈਨੂੰ ਘਰੋਂ ਕੱਢੇਂਗਾ...ਮੇਜੋ ਚੰਦਰੀਏ ਤੂੰ ਜੰਮ ਲੈ ਇਹੋ ਜਿਹਾ ਬਦ...ਇਹਨੂੰ ਪੜ੍ਹਾ-ਲਿਖਾ ਕੇ ਵੱਡਾ ਤਾਂ ਕੀਤਾ ਸੀ ਪਈ ਪਿਉ ਨੂੰ ਘਰੋਂ ਕੱਢ ਦੇਵੇਂ।

ਮੇਜੋ : ਨਾ ਹੁਣ ਪਿਉ ਪੁੱਤ ਫ਼ੈਸਲਾ ਕਰੋ...ਮੇਰੇ 'ਤੇ ਗੁੱਸਾ ਕਿਉਂ ਕੱਢਦਾ ਏਂ ?

ਸ਼ਿੱਬੂ : ਨਹੀਂ ਕੱਢਦਾ ਗੁੱਸਾ ਕਿਸੇ ’ਤੇ ? ਮੈਂ ਹੀ ਚਲਿਆ ਜਾਨਾ ਕਿਤੇ...ਇਸ ਨਵਾਬ ਦੀ ਨਜ਼ਰ ਵਿਚ ਮੇਰੀ ਕੋਈ ਕਦਰ ਹੀ ਨੀ ਰਹੀ, ਜਿਵੇਂ ਮੈਂ ਕੋਈ ਘਰ ਦਾ ਅੰਗ ਹੀ ਨਹੀਂ। ਕਦੇ ਨਵਾਬ ਨੂੰ ਮੇਰੇ ਮੈਲੇ ਕੱਪੜੇ ਚੰਗੇ ਨਹੀਂ ਲੱਗਦੇ...ਕਦੇ ਮੇਰੇ ਰੱਖੇ ਦੋ ਕੁੱਤੇ ਘਰ ’ਚ ਵਾਧੂ ਗੰਦ ਜਾਪਦੇ ਨੇ...ਇਹਨੂੰ ਕੀ ਪਤਾ ਸਾਡੇ ਵਡੇਰੇ ਸ਼ਿਕਾਰ ਦੇ ਸ਼ੌਕੀਨ ਸਨ ਤੇ ਇਹ ਕੁੱਤੇ ਰੱਖ ਕੇ ਮੈਂ ਆਪਣੇ ਪੁਰਖਿਆਂ ਦੀ ਰਵਾਇਤ ਹੀ ਅੱਗੇ ਤੋਰ ਰਿਹਾ ਹਾਂ...ਆਪਣੇ ਪੁਰਖਿਆਂ ਦੀ ਰਵਾਇਤ ਤੋਰਨੀ ਹਰ ਬੰਦੇ ਦਾ ਫ਼ਰਜ਼ ਹੈ।

ਬਿੱਲੂ : ਆਹੋ...ਦੁਨੀਆ ਭਾਵੇਂ ਚੰਨ ’ਤੇ ਪੁੱਜ ਜਾਏ, ਤੁਸੀਂ ਰਵਾਇਤਾਂ ਨੂੰ ਚੰਮੜੇ ਰਹੋ।

ਮੇਜੋ : ਓਏ ਪੁੱਤਰਾ, ਤੂੰ ਇਹਦੇ ਨਾਲ ਕਿਉਂ ਖਹਿਬੜਦਾ ਏਂ—ਏਹਨੇ ਕਿਥੇ ਸਮਝਣਾ ਏ...ਸਾਰੀ ਉਮਰ ਗੱਲਾਂ ਵਿਚ ਇਹਨੇ ਕਿਸੇ ਤੋਂ ਮਾਰ ਨਹੀਂ ਖਾਧੀ।

ਸ਼ਿੱਬੂ : ਆਹੋ...ਤੂੰ ਵੀ ਇਹਦੇ ਪੱਖ ਦੀ ਹੀ ਗੱਲ ਕਰੇਂਗੀ—ਚੰਦਰੀਏ ਪਛਤਾਏਂਗੀ...ਕਿਤੇ ਤੂੰ ਵੀ ਅੱਖਾਂ ’ਚ ਘਸੁੰਨ ਦੇ ਕੇ ਨਾ ਰੋਈਓ ਤਾਂ ਮੈਨੂੰ ਵੀ ਲੱਭੂ ਦਾ ਪੁੱਤ ਨਾ ਕਹੀਂ...ਇਹਦਾ ਕੰਜਰ ਦਾ ਵਿਆਹ ਹੋ ਲੈਣ ਦੇ...ਜੇ ਨੂੰਹ ਨੇ ਨਾ ਤੇਰੀ ਗੁੱਤ ਪੱਟ ਕੇ ਹੱਥ ’ਚ ਫੜਾਈ।

ਮੇਜੋ : ਬਿੱਲੂ ਦੇ ਭਾਪਾ...ਕਿਉਂ ਐਵੇਂ ਚੱਤੇ ਪਹਿਰ ਭੁੱਜਦਾ ਰਹਿੰਦਾ ਏਂ ਤੇ ਲੋਕਾਂ ਦਾ ਤਮਾਸ਼ਾ ਵਾਧੂ ਦਾ...ਤੂੰ ਆਪ ਸੋਚ ਪਈ ਜੇ ਰੱਬ ਨੇ ਸਭ ਕੁਝ ਦਿੱਤਾ ਏ ਤਾਂ ਤੂੰ ਕਾਹਨੂੰ ਬੁੱਤੀਆਂ ਕਰ ਕਰ ਲੱਤਾਂ ਤੁੜਾਉਨਾ ਏਂ...’ਰਾਮ ਨਾਲ ਘਰ ਬਹਿ, ਜੇ ਫੇਰ ਵੀ ਬਿੱਲੂ ਤੈਨੂੰ ਰੋਟੀ ਨਾ ਦੇਵੇ ਫੇਰ ਕਹੀਂ।

ਸ਼ਿੱਬੂ : ਓਏ ਰੱਬ ਨਾ ਕਰੇ ਏਹਦੀਆਂ ਰੋਟੀਆਂ ਜੋਗਾ...ਜਿੰਨਾ ਚਿਰ ਇਹ ਹੱਥ ਪੈਰ ਹੈਗੇ...ਆਪਣੇ ਜੋਗਾ ਕਮਾ ਸਕਨਾ ਹਾਂ ਤੇ ਇਹਨੂੰ ਵੀ ਖਵਾ ਸਕਨਾ ਹਾਂ।

ਬਿੱਲੂ : ਜਾ ਬਾਬਾ ਮੁਆਫ਼ ਕਰ...ਜੋ ਕਰਨਾ ਏ ਮਰਜ਼ੀ ਕਰ।

ਸ਼ਿੱਬੂ : ਹੱਥ ਕਿਉਂ ਜੋੜਨਾ ਏਂ—ਚੱਲਿਆ ਹਾਂ, ਵਾਪਸ ਨਹੀਂ ਆਉਣਾ।

*(ਜਾਣ ਲਈ ਮੁੜਦਾ ਹੈ।)*

ਮੇਜੋ : ਪਤਾ ਤਾਂ ਲੱਗੇ ਕਿਥੇ ਚੱਲਿਐਂ ?

ਸ਼ਿੱਬੂ : ਗੁਰਦੁਆਰੇ ਚਲਿਆ ਆਂ...ਮੈਨੂੰ ਲੈਣ ਨਾ ਆਉਣਾ...(ਮੁੜ ਕੇ) ਰੋਕੋਗੇ ਤਾਂ ਵੀ ਨਹੀਂ ਰੁਕਾਂਗਾ...(ਫੇਰ ਮੁੜ ਕੇ) ਇਕ ਵੇਰਾਂ ਗਿਆਂ ਫੇਰ ਵਾਪਸ ਨਹੀਂ ਆਉਣਾ...(ਫੇਰ ਮੁੜ ਕੇ) ਪਿੰਡ ਸਾਰਾ ਲੈ ਕੇ

ਆਓਗੇ ਤਾਂ ਵੀ ਵਾਪਸ ਨਹੀਂ ਆਵਾਂਗਾ।

ਮੇਜੋ : ਕਾਕਾ ਰੋਕ ਆਪਣੇ ਭਾਪੇ ਨੂੰ।

ਬਿੱਲੂ : ਜਾ ਲੈਣ ਦੇ ਸੂ...ਆਪੇ ਠੰਡਾ ਹੋ ਜਾਏਗਾ।

ਸ਼ਿੱਬੂ : ਮੈਂ ਠੰਡਾ ਨਹੀਂ ਹੋਵਾਂਗਾ...ਹੱਥ ਵੀ ਜੋੜੋਗੇ...ਵਾਪਸ ਨਹੀਂ ਆਵਾਂਗਾ।

*(ਜਾਂਦਾ ਹੈ।)*

## ਤੀਸਰਾ ਸੀਨ

[ਪ੍ਰੀਤਮ ਸਿੰਘ ਅਤੇ ਪੰਡਤ ਗੱਲਾਂ ਕਰ ਰਹੇ ਹਨ। ਇਹ ਪਿੰਡ ਦੀ ਸੱਥ ਹੈ।]

ਪ੍ਰੀਤਮ ਸਿੰਘ : ਪੰਡਤਾ...ਇਹ ਆਪਣੇ ਸ਼ਿੱਬੂ ਨੂੰ ਕੀ ਹੋਇਐ ? ਬੜੀਆਂ ਅਵਾ-ਤਵਾ ਗੱਲਾਂ ਕਰਦਾ ਏ।

ਪੰਡਤ : ਸਰਪੰਚਾ...ਬੰਦਾ ਜਦੋਂ ਪਿੱਛੇ ਤੋਂ ਪਿੱਛਾ ਛੁਡਾਉਣਾ ਚਾਹੁੰਦਾ ਹੋਵੇ ਤੇ ਅੱਗੇ ਹੱਥ ਨਾ ਪਵੇ...ਬੰਦਾ ਛਿੱਥਾ ਪੈ ਜਾਂਦਾ ਹੈ ਤੇ ਸ਼ਿੱਬੂ ਛਿੱਥਾ ਪਿਆ ਹੋਇਆ ਏ।

ਪ੍ਰੀਤਮ ਸਿੰਘ : ਕਹਿੰਦੇ ਬਿੱਲੂ ਨਾਲ ਉਹਦਾ ਹਮੇਸ਼ਾ ਮਹਾਭਾਰਤ ਲੱਗਿਆ ਰਹਿੰਦਾ ਏ।

ਪੰਡਤ : ਉਹ ਸਰਪੰਚਾ ਤੇਰੇ ਕਰਕੇ ਹੀ ਲੱਗਿਆ ਰਹਿੰਦਾ ਏ।

ਪ੍ਰੀਤਮ ਸਿੰਘ : ਲੈ ਮੇਰੇ ਕਰਕੇ ਕਿਉਂ ?

ਪੰਡਤ : ਤੈਨੂੰ ਪਤਾ ਏ ਬਿੱਲੂ ਨਹੀਂ ਚਾਹੁੰਦਾ ਕਿ ਭਾਪਾ ਉਹਦਾ ਲਾਗ ਕਮਾਏ...ਪਰ ਤੂੰ ਵਾਰ-ਵਾਰ ਉਹਨੂੰ ਸੱਦ ਘੱਲਦੈਂ...ਤੈਨੂੰ ਉਹ ਨਾਂਹ ਨਹੀਂ ਕਰ ਸਕਦਾ ਤੇ ਘਰ ਵਿਚ ਕਲੇਸ਼ ਪੈ ਜਾਂਦਾ ਏ।

ਪ੍ਰੀਤਮ ਸਿੰਘ : ਬਿੱਲੂ ਨੇ ਚਾਰ ਪੈਸੇ ਕੀ ਕਮਾਉਣੇ ਸ਼ੁਰੂ ਕਰ ਦਿੱਤੇ ਨੇ ਕਿ ਆਕੜ ਹੀ ਬੜਾ ਗਿਆ ਏ...ਜਾਤ ਹੀ ਭੁੱਲ ਗਿਆ ਏ।

ਪੰਡਤ : ਕਿਉਂ ਨਾ ਆਕੜੇ...ਬੰਦਾ ਜੇਕਰ ਅਣਖ ਨਾਲ ਜੀਣਾ ਚਾਹੁੰਦਾ ਏ...ਕਿਉਂ ਨਾ ਜੀਏ...ਬਿੱਲੂ ਦੀ ਗੱਲ ਕੋਈ ਅਨੋਖੀ ਨਹੀਂ...ਹੁਣ ਤੂੰ ਵੀ ਪ੍ਰੀਤਮ ਸਿਆਂ, ਸ੍ਰ. ਪ੍ਰੀਤਮ ਸਿੰਘ ਤਾਂ ਹੀ ਏ ਜੇ ਤੇਰੇ ਕੋਲ ਪੈਸਾ ਏ...ਨਹੀਂ ਤਾਂ ਤੈਨੂੰ ਵੀ ਅਗਲੇ ਪ੍ਰੀਤੂ ਜੱਟ ਕਹਿ ਕੇ ਬੁਲਾਉਂਦੇ।

ਪ੍ਰੀਤਮ ਸਿੰਘ : ਬੰਦਾ ਜਿਹੜੇ ਘਰ ਪੈਦਾ ਹੋਏ, ਉਸੇ ਦਾ ਰਹਿੰਦਾ ਏ...ਬਿੱਲੂ ਭਾਵੇਂ ਸ੍ਰ. ਬਲਦੇਵ ਸਿੰਘ ਮਾਹਲਾ ਦਾ ਬੋਰਡ ਘਰ ਅੱਗੇ ਲਾ ਲਵੇ...ਨਵੇਂ ਮਕਾਨ ਅੱਗੇ 'ਮਾਹਲਾ ਕੁਟੀਆ' ਰੱਖ ਲਵੇ, ਪਰ ਰਹੇਗਾ ਤਾਂ ਸਾਂਸੀਆਂ ਦਾ ਮੁੰਡਾ ਹੀ।

ਪੰਡਤ : ਇਹ ਵੀ ਤੇਰਾ ਭੁਲੇਖਾ ਏ ਸਰਪੰਚਾ...ਬਿੱਲੂ ਦਾ ਵਿਆਹ ਹੋ ਲੈਣ

ਦੇ...ਬਿੱਲੂ ਦੇ ਬੱਚੇ ਵੀ ਜਦੋਂ ਨਵੀਂ ਵਰਦੀ ਪਾਈ...ਪਿੱਠ ’ਤੇ ਬਸਤਾ ਪਾਈ ਅੰਗਰੇਜ਼ੀ ਪੜ੍ਹਾਉਂਦੇ ਮਾਡਲ ਸਕੂਲ ਵਿਚ ਦਾਖ਼ਲ ਹੋਏ ਨੇ ਮੋਇਆਂ ਯਾਦ ਰੱਖਣਾ ਏ ਕਿ ਇਹ ਉਸੇ ਸ਼ਿੱਬੂ ਦੇ ਪੋਤਰੇ ਨੇ, ਜਿਹੜਾ ਲੋਕਾਂ ਦੀਆਂ ਕਲਾਣਾਂ ਪੜ੍ਹਦਾ ਸੀ ਤੇ ਲਾਗ ਲੈ ਕੇ ਸੌ-ਸੌ ਅਸੀਸਾਂ ਦੇਂਦਾ ਸੀ।

ਪ੍ਰੀਤਮ ਸਿੰਘ : ਭੁੱਲਣ ਵਾਲੇ ਭਾਵੇਂ ਭੁੱਲ ਸਕਣ...ਪਰ ਯਾਦ ਰੱਖਣ ਵਾਲੇ ਤਾਂ ਯਾਦ ਰੱਖਣਗੇ। ਤੂੰ ਹੁਣ ਗੱਲਾਂ ਕਰਦੈਂ...ਤੇਰਾ ਕੋਈ ਮੁੰਡਾ ਕੁੜੀ ਹੁੰਦਾ ਤਾਂ ਪਤਾ ਲਗਦਾ ਕਿ ਅਗਲੇ ਕੁਝ ਭੁਲਾਉਂਦੇ ਕਿ ਨਹੀਂ ?

ਪੰਡਤ : ਕੀ ਮਤਲਬ ?

ਪ੍ਰੀਤਮ ਸਿੰਘ : ਜੇ ਕੋਈ ਮਾੜੀ ਗੱਲ ਹੁੰਦੀ ਤਾਂ ਅਗਲਿਆਂ ਨੇ ਕਹਿਣਾ ਸੀ ਝਿਉਰੀ ਦਾ ਮੁੰਡਾ ਏ...ਜੇ ਪੜ੍ਹ ਜਾਂਦਾ ਕਹਿੰਦੇ ਬਾਹਮਣਾਂ ਦਾ ਮੁੰਡਾ ਏ...ਜਾਤਾਂ ਭੁੱਲਦੀਆਂ ਥੋੜੀਆਂ ਨੇ।

ਪੰਡਤ : ਆਹੋ ਉੱਚੀਆਂ ਜਾਤਾਂ ਵਾਲੇ ਕਦੀ ਭੁੱਲਣ ਦੇਂਦੇ ਨੇ...ਪਰ ਇਹ ਗੱਲਾਂ ਹਮੇਸ਼ਾ ਲਈ ਨਹੀਂ ਰਹਿਣੀਆਂ।

ਪ੍ਰੀਤਮ ਸਿੰਘ : ਇਹ ਹਮੇਸ਼ਾ ਹੀ ਰਹਿਣੀਆਂ ਨੇ...ਭੀਲਣੀ ਦੇ ਜੂਠੇ ਬੇਰ ਖਾ ਕੇ ਰਾਮ ਨੇ ਤਾਂ ਜੱਸ ਖੱਟ ਲਿਆ...ਪਰ ਭੀਲਣੀ, ਭੀਲਣੀ ਹੀ ਰਹੀ। ਬਾਬੇ ਨਾਨਕ ਜਦੋਂ ਮਾਲਕ ਭਾਗੋ ਦੇ ਮਾਲ ਪੂੜੇ ਵਿਚੋਂ ਲਹੂ ਕੱਢਿਆ ਤੇ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਵਿਚੋਂ ਦੁੱਧ ਤਾਂ ਲੋਕਾਂ ਆਖਿਆ ਹੁਣ ਮਲਕ ਭਾਗੋ ਨਹੀਂ ਰਹਿਣਗੇ...ਪਰ ਲਾਲੋ ਤਰਖਾਣ ਹੁਣ ਵੀ ਸੁੱਕੇ ਕਾਠ ਰੰਦਾ ਫੇਰਦੇ ਨੇ ਤੇ ਭਾਗੋ ਅੱਯਾਸ਼ੀ ਕਰਦੇ ਨੇ...ਦਸਤੂਰ ਨਹੀਂ ਬਦਲਦੇ...ਸੰਸਕਾਰ ਨਹੀਂ ਬਦਲਦੇ, ਜਾਤਾਂ ਨਹੀਂ ਭੁੱਲਦੀਆਂ।

ਪੰਡਤ : ਤੂੰ ਵੇਖੀਂ ਜਾਤਾਂ ਵੀ ਬਦਲ ਜਾਣੀਆਂ ਨੇ...ਅੱਗੇ ਗੱਲਾਂ ਸਮਾਜ ਸੁਧਾਰਕਾਂ ਨੇ ਸਿਰਫ਼ ਆਦਰਸ਼ਾਂ ਦੀਆਂ ਕੀਤੀਆਂ...ਨੀਵੀਆਂ ਜਾਤਾਂ ਲਈ ਕਿਹਾ ਕਿ ਉਹ ਵੀ ਰੱਬ ਦੇ ਬੰਦੇ ਨੇ...ਪਰ ਉਨ੍ਹਾਂ ਦੇ ਕੰਮ ਨਾ ਬਦਲੇ ਤੇ ਨੀਵੇਂ ਕੰਮ ਕਰਨ ਵਾਲੇ ਨੀਵੇਂ ਹੀ ਰਹੇ, ਪਰ ਹੁਣ ਕੰਮ ਬਦਲ ਗਏ ਨੇ। ਸ਼ਿੱਬੂ ਦਾ ਬਲਦੇਵ ਸਿੰਘ ਮਾਹਲਾ ਤਾਂ ਬਣ ਗਿਆ ਕਿਉਂਕਿ ਉਹ ਇੰਸਪੈਕਟਰ ਲੱਗ ਗਿਆ, ਪਰ ਸ਼ਿੱਬੂ ਲੱਖ ਜ਼ੋਰ ਲਗਾਉਣ ’ਤੇ ਵੀ ਸ੍ਰ. ਨਸੀਬ ਸਿੰਘ ਮਾਹਲਾ ਨਾ ਬਣਿਆ ਕਿਉਂਕਿ ਉਹਦਾ ਕੰਮ ਬੁੱਤੀਆਂ ਕਰਨਾ ਹੀ ਰਿਹਾ ਤੇ ਇਸ ਪੀੜ੍ਹੀ ਤੋਂ ਬਾਅਦ ਤੂੰ ਦੇਖੀਂ ਬਿੱਲੂ ਦੀਆਂ ਅਗਲੀਆਂ ਪੀੜ੍ਹੀਆਂ ਬਦਲ ਜਾਣਗੀਆਂ। ਇਹ ਸਮਾਜ ਦੀ ਉੱਥਲ-ਪੁੱਥਲ ਅੱਜ ਦੇ ਸਾਇੰਸੀ ਯੁੱਗ ਦੀ ਦੇਣ ਹੈ ਤੇ ਸ਼ਿੱਬੂ ਇਹਦੀ ਜੀਉਂਦੀ ਜਾਗਦੀ ਮਿਸਾਲ...ਤੇ...।

ਪ੍ਰੀਤਮ ਸਿੰਘ : ਤੂੰ ਤਾਂ ਪੰਡਤਾ ਲੰਮਾ ਚੌੜਾ ਬਿਆਨ ਝਾੜ ਮਾਰਿਆ...ਆਪਣੇ ਪੋਤਰੇ ਦੀ ਪਹਿਲੀ ਲੋਹੜੀ ਏ...ਮੈਂ ਸ਼ਿੱਬੂ ਨੂੰ ਸੱਦ ਭੇਜਿਆ ਏ...ਮੇਜੋ ਨੂੰ ਵੀ। ਵੇਖੀਏ ਆਉਂਦੇ ਨੇ ਕਿ ਨਹੀਂ...ਆਉਣਗੇ ਤਾਂ ਕੁਝ ਖੱਟਣਗੇ ਹੀ...ਨਾ ਆਉਣਗੇ ਤਾਂ ਲਾਗ ਕੋਈ ਹੋਰ ਲੈ ਜਾਓ...ਅਸੀਂ ਤਾਂ ਦੇਣੀ ਹੀ ਏ।

ਪੰਡਤ : ਤੁਸੀਂ ਪ੍ਰੀਤਮ ਸਿਆਂ...ਵੱਡੇ ਬੰਦੇ ਆਪਣੇ ਚੋਹਲ ਨਹੀਂ ਛੱਡਦੇ... ਆਪਣਾ ਵੱਡਪੁਣਾ ਦੱਸਣ ਲਈ ਕੋਈ ਨਾ ਕੋਈ ਪ੍ਰਚੰਡ ਰਚਾਈ ਰੱਖੋਗੇ। ਅਖੰਡ ਪਾਠ ਰੱਖਿਆ ਹੈ...ਕਾਕੇ ਦੀ ਨੌਕਰੀ ਦਾ ਸੁੱਖਿਆ ਹੋਇਆ ਸੀ। ਪੁੱਤਰ ਨੂੰ ਛੁਹਾਰਾ ਲਗਣਾ ਏ...ਪੋਤਰੇ ਦੀ ਲੋਹੜੀ ਏ ਤਾਂ ਜੋ ਲਾਗੀ ਆਉਣ...ਸਰਦਾਰ ਸਰਦਾਰਨੀਆਂ ਨੂੰ ਅਸੀਸਾਂ ਦੇਣ...ਇਨ੍ਹਾਂ ਦੇ ਕਲਾਣ ਬੋਲਣ ਤੇ ਇਨ੍ਹਾਂ ਦੇ ਅਭਿਮਾਨ ਨੂੰ ਪੱਠੇ ਪਾਉਣ।

*(ਸ਼ਿੱਬੂ ਆਉਂਦਾ ਏ।)*

ਸ਼ਿੱਬੂ : ਸਤਿ ਸ੍ਰੀ ਅਕਾਲ...ਮੈਂ ਘਰ ਗਿਆ ਸੀ।

ਪ੍ਰੀਤਮ ਸਿੰਘ : ਕਿਉਂ ਸੁਨੇਹਾ ਮਿਲ ਗਿਆ ਸੀ।

ਸ਼ਿੱਬੂ : ਨਹੀਂ ਸੁਨੇਹਾ ਤਾਂ ਨਹੀਂ...ਮੈਂ ਇਹ ਕਾਰਡ ਜਿਹਾ ਦੇਣ ਗਿਆ ਸੀ।

ਪ੍ਰੀਤਮ ਸਿੰਘ : ਕਾਹਦਾ ਕਾਰਡ ?

ਸ਼ਿੱਬੂ : ਗੱਲ ਇਹ ਵੇ ਸਰਦਾਰ ਜੀ...ਆਪਣਾ ਬਿੱਲੂ ਜ਼ਿਦ ਕਰਦੈ ਕਿ ਭਾਪੇ ਦਾ ਜਨਮ ਦਿਨ ਮਨਾਉਣਾ ਏ...ਇਸ ਲਈ ਭਾਪੇ ਦੇ ਸਾਰੇ ਦੋਸਤਾਂ ਨੂੰ ਬੁਲਾਉਣਾ ਏ।

ਪ੍ਰੀਤਮ ਸਿੰਘ : ਜਨਮ ਦਿਨ ? ਤੈਨੂੰ ਪਤਾ ਏ ਸ਼ਿੱਬੂ ਤੂੰ ਕਦੋਂ ਜੰਮਿਆ ਸੀ ?

ਸ਼ਿੱਬੂ : ਮੈਨੂੰ ਤਾਂ ਨਹੀਂ ਪਤਾ...ਪਰ ਬਿੱਲੂ ਨੇ ਪਤਾ ਕੱਢ ਮਾਰਿਆ।

ਪੰਡਤ : ਓਏ ਉਹ ਕਿਵੇਂ...ਇਹ ਤਾਂ ਬੜੀ ਅਨੋਖੀ ਗੱਲ ਏ।

ਸ਼ਿੱਬੂ : ਉਹਨੇ ਨਿੱਕੇ ਹੁੰਦਿਆਂ ਦਾਦੀ ਕੋਲੋਂ ਕਿਧਰੇ ਸੁਣ ਰੱਖਿਆ ਸੀ ਮਾਘੀ ਦੇ ਤਿਉਹਾਰ 'ਤੇ ਮੈਂ ਜੰਮਿਆ ਸੀ ਤੇ ਸੰਨ ਉਹ ਸੀ ਜਦੋਂ ਦੂਜੀ ਵੱਡੀ ਜੰਗ ਲੱਗੀ ਸੀ...ਸੋ ਉਹਨੇ ਕਿਤਾਬ ਵਿਚੋਂ ਦੇਖ ਕੇ ਸ੍ਹਾਬ ਲਾ ਲਿਆ ਕਿ ਆਉਂਦੇ ਐਤਵਾਰ ਮੈਂ ਪੰਜਾਹ ਸਾਲ ਦਾ ਹੋ ਜਾਵਾਂਗਾ...ਛੁੱਟੀ ਵਾਲਾ ਦਿਨ ਏ ਭਾਪਾ ਯਾਰਾਂ ਦੋਸਤਾਂ ਨਾਲ ਬੈਠ ਕੇ ਖਾ ਪੀ ਲਏਂਗਾ...ਸੋ ਸਰਦਾਰ ਜੀ ਤੁਸੀਂ ਆਉਣਾ ਜ਼ਰੂਰ।

*(ਸ੍ਰ. ਪ੍ਰੀਤਮ ਸਿੰਘ ਕਾਰਡ ਪਰਤਾ ਕੇ ਉੱਤੋਂ ਥੱਲੇ ਵੇਖਦਾ ਹੈ...ਸ਼ਿੱਬੂ ਮਟਕਦੀ ਚਾਲ ਨਾਲ ਚਲਦਾ ਹੈ।)*

ਪ੍ਰੀਤਮ ਸਿੰਘ : (ਹਕਾਰਤ ਨਾਲ) ਓਏ ਪੰਡਤਾ ਵੇਖਦਾ ਪਿਆ ਏਂ...ਕੀ ਪਿਆ ਹੁੰਦਾ ਏ ?

ਪੰਡਤ : ਹੁੰਦਾ ਓਹੀ ਪਿਆ ਏ ਜੋ ਹੋਣਾ ਚਾਹੀਦਾ ਏ।

ਪ੍ਰੀਤਮ ਸਿੰਘ : ਪੜ੍ਹ ਖਾਂ ਪੰਡਤਾ...ਕੀ ਲਿਖਿਆ ਏ ?

ਪੰਡਤ : ਤੂੰ ਆਪ ਪੜ੍ਹ ਲੈ।

ਪ੍ਰੀਤਮ ਸਿੰਘ : ਨਾ ਤੂੰ ਪੜ੍ਹ ਕੇ ਸੁਣਾ।

ਪੰਡਤ : (ਪੜ੍ਹਦਾ ਹੋਇਆ) ਮਿਤੀ 29.5.88 ਦਿਨ ਐਤਵਾਰ, ਆਪਣੇ ਪਿਤਾ ਸ੍ਰ. ਨਸੀਬ ਸਿੰਘ ਮਾਹਲਾ ਦਾ ਪੰਜਾਹਵਾਂ ਜਨਮ ਦਿਨ ਮਨਾਉਣ ਲਈ ਅਸੀਂ ਆਪਣੇ ਨਵੇਂ ਘਰ 'ਮਾਹਲਾ ਕੁਟੀਆ' ਦੇ ਵਿਹੜੇ ਵਿਚ ਇਕ ਚਾਹ ਪਾਰਟੀ ਕਰ ਰਹੇ ਹਾਂ। ਭਾਪਾ ਜੀ ਦੇ ਸਾਰੇ ਦੋਸਤਾਂ ਨੂੰ ਸੱਦਾ ਹੈ...ਦਰਸ਼ਨ ਦੇ ਕੇ ਅਭਿਲਾਸ਼ੀ ਬਣਾਓ...ਦਾਸ ਬਲਦੇਵ ਸਿੰਘ ਮਾਹਲਾ।

ਪ੍ਰੀਤਮ ਸਿੰਘ : ਸ਼ਿੱਬੂ ਕਾਣਾ...ਹੁਣ ਨਸੀਬ ਸਿੰਘ ਮਾਹਲਾ ਹੋ ਗਿਆ ਏ...ਹੂੰ ਹੁਣ ਟਿੱਡੀਆਂ ਨੂੰ ਵੀ ਪਰ ਲੱਗ ਗਏ ਨੇ।

*(ਪੈਰ ਜ਼ਮੀਨ 'ਤੇ ਮਾਰਦਾ ਹੈ ਤੇ ਜਾਂਦਾ ਹੈ।)*

ਪੰਡਤ : (ਹੱਸਦਾ ਹੋਇਆ) ਜੀਂਦਾ ਰਹਿ ਓਏ ਬਿੱਲੂ...ਇਹ ਤੂੰ ਪਹਿਲੀ ਠਿੱਬੀ ਲਗਾਈ ਏ ਵੱਡਿਆਂ ਦੇ ਅਭਿਮਾਨ ਨੂੰ...।

*(ਹੱਸਦਾ ਹੋਇਆ ਜਾਂਦਾ ਹੈ।)*

## ਚੌਥਾ ਸੀਨ

[ਸ਼ਿੱਬੂ ਦਾ ਘਰ—ਸ਼ਿੱਬੂ ਬੇਚੈਨੀ ਨਾਲ ਏਧਰ-ਉਧਰ ਫਿਰ ਰਿਹਾ ਹੈ।]

ਬਿੱਲੂ : ਭਾਪਾ ਉਹਨੇ ਨਹੀਂ ਆਉਣਾ।

ਸ਼ਿੱਬੂ : ਆਵੇਗਾ ਕਿਉਂ ਨਹੀਂ...ਮੈਂ ਉਹਦੀ ਹਰ ਖ਼ੁਸ਼ੀ ਵਿਚ ਸ਼ਾਮਲ ਹੋਇਆ ਹਾਂ...ਉਹ ਕਿਉਂ ਨਹੀਂ ਆਵੇਗਾ ?

*(ਪੰਡਤ ਦਾ ਪ੍ਰਵੇਸ਼)*

ਪੰਡਤ : ਉਹ ਨਹੀਂ ਆਵੇਗਾ ਸ਼ਿੱਬੂ...ਨਾ ਬਈ ਹੁਣ ਅਸੀਂ ਤੈਨੂੰ ਸ੍ਰ. ਨਸੀਬ ਸਿੰਘ ਮਾਹਲਾ ਆਖਾਂਗੇ।

ਸ਼ਿੱਬੂ : ਓਏ ਪੰਡਤਾ...ਹੁਣ ਤੂੰ ਵੀ ਯਾਰੀ ਨਹੀਂ ਪੁਗਾਵੇਂਗਾ ? ਗਾਲ੍ਹ ਕੱਢ ਕੇ ਬੁਲਾਏਂਗਾ।

ਪੰਡਤ : ਗਾਲ੍ਹ ?

ਸ਼ਿੱਬੂ : ਆਹੋ...ਜੇ ਤੂੰ ਮੈਨੂੰ ਸ੍. ਨਸੀਬ ਸਿੰਘ ਮਾਹਲਾ ਆਖੇਂਗਾ...ਮੈਨੂੰ ਲੱਗੇਗਾ ਕਿ ਤੂੰ ਮੈਨੂੰ ਤਿੰਨ ਗਾਲ੍ਹਾਂ ਕੱਢੀਆਂ ਨੇ...ਇਕ ਸਰਦਾਰ ਆਖ ਕੇ, ਦੂਜੀ ਨਸੀਬ ਸਿੰਘ ਆਖ ਕੇ ਤੇ ਤੀਜੀ ਮਾਹਲਾ ਆਖ ਕੇ। ਪਰ ਇਹ ਦੱਸ ਸ੍. ਪ੍ਰੀਤਮ ਸਿੰਘ ਕਿਉਂ ਨਹੀਂ ਆਏਗਾ ?

ਪੰਡਤ : ਕਿਉਂਕਿ ਉਹ ਤੇਰਾ ਦੋਸਤ ਨਹੀਂ, ਜਜਮਾਨ ਏ।

ਬਿੱਲੂ : ਚਾਚਾ ਇਹੋ ਮੈਂ ਭਾਪੇ ਨੂੰ ਸਮਝਾਉਂਦਾ ਰਿਹਾ।

ਪੰਡਤ : ਬਿੱਲੂ ਠੀਕ ਕਹਿੰਦਾ ਏ ਸ਼ਿੱਬੂ...ਜਦ ਕਾਰਡ ਵਿਚ ਲਿਖਿਆ ਸਾਰੇ ਦੋਸਤਾਂ ਨੂੰ ਸੱਦਾ ਹੈ ਕਿ ਉਹ ਦਰਸ਼ਨ ਦੇ ਕੇ ਅਭਿਲਾਸ਼ੀ ਬਣਾਉਣ ਤਾਂ ਦੋਸਤਾਂ ਨੇ ਆਉਣਾ ਹੋਇਆ...ਜੇ ਤੂੰ ਲਿਖ ਦੇਂਦਾ ਜਜਮਾਨ ਵੀ ਆਉਣ ਤਾਂ ਉਹ ਆ ਜਾਂਦਾ।

*(ਸ਼ਿੱਬੂ ਕੁਝ ਸੋਚਦਾ ਹੈ ਤੇ ਬਾਹਰ ਜਾਂਦਾ ਹੈ।)*

ਬਿੱਲੂ : ਚਾਚਾ ਇਹੋ ਪਰਖ ਕਰਨ ਲਈ ਤਾਂ ਭਾਪੇ ਦੇ ਜਨਮ ਦਿਨ ਦਾ ਕਾਰਡ ਲਿਖਿਆ ਸੀ...ਹੁਣ ਤੂੰ ਆ ਗਿਆਂ ਭਾਪੇ ਦਾ ਦੋਸਤ।

ਪੰਡਤ : ਸਾਡੀ ਗੱਲ ਤਾਂ ਹੋਰ ਏ...ਅਸੀਂ ਤਾਂ ਮੁੱਦਤਾਂ ਤੋਂ ਇਹ ਜਾਤ-ਪਾਤ ਦੇ ਅਡੰਬਰ ਤੋਂ ਮੁਕਤੀ ਪਾ ਲਈ ਏ ਤੇ ਸੁਖੀ ਹੋ ਗਏ ਹਾਂ...ਸੱਚ ਮੰਨ ਬਿੱਲੂ ਅੱਧੇ ਕਲੇਸ਼ ਦੁਨੀਆ ਵਿਚ ਇਸ ਕਰਕੇ ਪਏ ਹੋਏ ਨੇ ਕਿ ਬੰਦੇ ਦੇ ਨਾਂ ਨਾਲ ਧਰਮ ਜਾਂ ਜਾਤ ਦੀ ਪੂਛ ਲੱਗੀ ਹੋਈ ਏ।

ਮੇਜੋ : (ਅੰਦਰੋਂ ਆਉਂਦੀ ਹੈ) ਓਏ ਮੁੰਡਿਆ...ਦੇਖ ਤੇਰਾ ਭਾਪਾ ਕੀ ਪਿਆ ਕਰਦਾ ਏ...ਉਹ ਸਾਰੇ ਕੱਪੜੇ ਕੰਬਲ ਸਮੇਤ ਜਿਹੜੇ ਪਿਛਲੇ ਸਾਲਾਂ ’ਚ ਪ੍ਰੀਤਮ ਸਿੰਘ ਦੇ ਘਰੋਂ ਲਏ ਸਨ...ਉਹ ਇਕੱਠੇ ਪਿਆ ਕਰਦਾ ਏ।

ਸ਼ਿੱਬੂ : (ਕੱਪੜਿਆਂ ਦੀ ਪੰਡ ਚੁੱਕ ਕੇ ਆਉਂਦਾ ਏ) ਮੈਂ ਤਾਂ ਫੂਕ ਦੂੰ ਇਕ ਇਕ ਕਰਕੇ...ਉਹ ਸਮਝਦੇ ਕੀ ਨੇ ਆਪਣੇ ਆਪ ਨੂੰ...ਅਖੇ ਸ਼ਿੱਬੂ ਓਹੋ ਜਿਹੀ ਕਲਾਣ ਨਹੀਂ ਕਰਦਾ ਜਿਹੋ ਜਿਹੀ ਲੱਭੂ ਕਰਦਾ ਸੀ। ਓਏ ਕੰਜਰੋ ਹੁਣ ਤੁਹਾਡੀ ਉਹ ਕਲਾਣ ਪੜੂੰਗਾਂ, ਜਿਹਦੇ ਵਿਚ ਤੁਹਾਡੇ ਪੁਰਖਾਂ ਦੀਆਂ ਝੂਠੀਆਂ ਸਿਫ਼ਤਾਂ ਨਹੀਂ ਹੋਣਗੀਆਂ, ਸਗੋਂ ਉਨ੍ਹਾਂ ਦੀਆਂ ਕਰਤੂਤਾਂ ਦੇ ਪਾਜ ਉਖੇੜੂ—ਪ੍ਰੀਤਮ ਸਿੰਘ ਪੁੱਤਰ ਨਛੱਤਰ ਸਿੰਘ, ਜਿਹੜਾ ਅਫੀਮ ਦੀ ਸਮਗਲਿੰਗ ਕਰਦਾ ਏ...ਨਛੱਤਰ ਸਿੰਘ ਪੁੱਤਰ ਦਰਸ਼ਨ ਸਿੰਘ ਜਿਸ ਨੇ ਆਪਣੇ ਭਤੀਏ ਨੂੰ ਜ਼ਹਿਰ ਦੇ ਕੇ ਆਪਣੇ ਭਰਾ ਦੀ ਜ਼ਮੀਨ ਹਥਿਆ ਲਈ। ਦਰਸ਼ਨ ਸਿੰਘ ਪੁੱਤਰ ਫੂਲਾ ਸਿੰਘ, ਜਿਹੜਾ ਮਹਾਰਾਜੇ ਰਣਜੀਤ ਸਿੰਘ ਦੀ ਫ਼ੌਜ ਵਿਚ ਘੋੜਿਆਂ ਦੀ ਲਿੱਦ ਚੁੱਕਦਾ ਸੀ...ਫੂਲਾ ਸਿੰਘ ਪੁੱਤਰ ਗੰਢਾ ਸਿੰਘ,

ਜੋ ਨਾਲ ਦੇ ਪਿੰਡ ਖੱਤਰੀਆਂ ਦੀ ਕੁੜੀ ਕੱਢ ਲਿਆਇਆ ਤੇ ਕੁੜੀ ਦੇ ਭਰਾਵਾਂ ਨੇ ਸਰੇ ਬਾਜ਼ਾਰ ਉਹਦਾ ਸਿਰ ਧੜ ਤੋਂ ਵੱਖ ਕਰ ਦਿੱਤਾ। ਇਹ ਜਿਹੜੇ ਵੱਡੇ ਬਣੇ ਫਿਰਦੇ ਨੇ...ਇਕ ਇਕ ਦੀ ਸੱਚੀ ਕਲਾਣ ਬਣਾਵਾਂਗਾ। ਉੱਚੀ ਉੱਚੀ ਬੋਲਾਂਗਾ...ਹਾਂ, ਅੱਜ ਮੇਰਾ ਜਨਮ ਦਿਨ ਏ, ਪੰਜਾਹਵਾਂ ਜਨਮ ਦਿਨ...ਪੰਜਾਹ ਸਾਲਾਂ ਬਾਅਦ ਨਵਾਂ ਜਨਮ ਲਿਆ ਏ।

*(ਮੇਜੋ ਨਵੇਂ ਕੱਪੜਿਆਂ ਦਾ ਜੋੜਾ ਲਿਆ ਕੇ ਦੇਂਦੀ ਏ।)*

ਸ਼ਿੱਬੂ : ਇਹ ਕੀ ਮੇਜੋ।

ਮੇਜੋ : ਬਿੱਲੂ ਦੇ ਭਾਪੇ...ਬਿੱਲੂ ਨੇ ਤੇਰੇ ਜਨਮ ਦਿਨ ਲਈ ਨਵੇਂ ਕੱਪੜੇ ਬਣਵਾਏ ਨੇ...ਟੈਰਾਲੀਨ ਦੇ, ਧੋਤੇ ਵੀ ਝੱਟ ਜਾਂਦੇ ਨੇ ਤੇ ਸੁੱਕ ਵੀ ਝੱਟ ਜਾਂਦੇ ਨੇ...ਮੇਰਾ ਕੰਮ ਸੌਖਾਲਾ ਹੋ ਜਾਏਗਾ।

*(ਪੰਡਤ ਬਿੱਲੂ ਨੂੰ ਕਲਾਵੇ ਵਿਚ ਲੈਂਦਾ ਏ ਖ਼ੁਸ਼ੀ ਦੇ ਅੱਥਰੂ ਪੂੰਝਦਾ ਹੈ।)*

ਸ਼ਿੱਬੂ : ਪੰਡਤਾ ਬੰਦਾ ਜੇਕਰ ਕਰਨ 'ਤੇ ਆ ਜਾਏ ਤਾਂ ਫੇਰ ਰੱਬ ਦੇ ਕੀਤੇ 'ਚ ਵੀ ਦਖ਼ਲ ਦੇ ਦੇਂਦਾ ਏ...ਸਾਂਸੀਆਂ ਦਾ ਸ਼ਿੱਬੂ ਹੁਣ ਸ੍ਰ. ਨਸੀਬ ਸਿੰਘ ਹੋਵੇਗਾ।

*ਸਮਾਪਤ*